
ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

25

April - June 2017

# ਸੈਣੀ ਸੰਸਾਰ
# Saini Sansar




ਅੰਦਰ ਪੜ੍ਹੋ


- ਸੈਣੀ ਭਵਨ ਦੀਆਂ ਸਰਗਰਮੀਆਂ
- ਸੈਣੀ ਬਰਾਦਰੀ ਦੀਆਂ ਸਫ਼ਲ ਸਖ਼ਸ਼ੀਅਤਾਂ
- ਸਿਹਤਮੰਦ ਸਾਹਿਤਕ ਰਚਨਾਵਾਂ
- ਵਿਗਿਆਨ ਅਤੇ ਵਿਗਿਆਨੀ
- ਸਿਹਤ ਸੰਭਾਲ
- ਮੈਟਰੀਮੋਨੀਅਲਜ਼
- ਖੋਜਭਰਪੂਰ ਲੇਖ ਗਨੀ ਖਾਂ ਨਬੀ ਖਾਂ
- ਬਹੁਮੁੱਲਾ ਆਮ ਗਿਆਨ


P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - VII, Issue - II

# Saini Sansar
(Quarterly)

April - June 2017

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :
- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**PATRON**

**Sh. L.R. Mundra**
Asstt. Police Commissioner
(Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **S. Malkiat Singh Saini,**
#4, Arnika Court, Jereme Grove, Glenwoood, Sydney-Australia

**U.S.A.** : **Dr. Manavpreet Kaur** Professor (English)
# 2421, Bryce Wood Lane, Plano-Tx-75025 (USA).

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| Subscription / Assistance Money | India | Abroad |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 08.04.2017**

# ਸੈਣੀ ਸੰਸਾਰ

ਜਿਲਦ 7, ਅੰਕ 2 (ਤਿਮਾਹੀ) ਅਪ੍ਰੈਲ - ਜੂਨ 2017

**ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ**
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

**ਪ੍ਰਿੰਟਿੰਗ ਪ੍ਰੈਸ**
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@yahoo.com

**ਪ੍ਰਕਾਸ਼ਨਾ ਸਥਾਨ**
ਸੈਣੀ ਭਵਨ
ਰੂਪਨਗਰ - 140001 (ਪੰਜਾਬ)

**ਮੁੱਖ ਸੰਪਾਦਕ (ਆਨਰੇਰੀ)**
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

**ਮੁੱਖ ਕਵਰ 'ਤੇ ਫੋਟੋ :**

**ਜੱਲ੍ਹਿਆਂ ਵਾਲਾ ਬਾਗ - ਸ਼ਹੀਦੀ ਲਾਟ**

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ | 3-5 |
| The Jallianwala Bagh Massacre | 5 |
| ਸੈਣ ਬਾਰ ਦਾ ਕੀ ਅਰਥ ਹੈ ? | 6-7 |
| ਸੈਣੀ ਭਵਨ ਦੀਆਂ ਸਰਗਰਮੀਆਂ | 8-9 |
| ਕਹਾਣੀ - ਨਫ਼ਰਤ ਦੇ ਬੀਜ਼ | 10 |
| ਗਜ਼ਲਾਂ | 11 |
| Asian shot put champion | 12 |
| ਜੀਵਨ ਜਾਚ - ਖੁਸ਼ ਕਿਵੇਂ ਰਹੀਏ ? | 13 |
| ਗੁਰੂ ਘਰ ਦੇ ਅਨਿੰਨ ਸ਼ਰਧਾਲੂ - ਗਨੀ ਖਾਂ ਅਤੇ ਨਬੀ ਖਾਂ | 14-15 |
| A Week in Singapore | 16-17 |
| Ill Effects of Demonetization | 18 |
| ਆਸਟ੍ਰੇਲੀਆ 'ਚ ਸੈਣੀ ਨੌਜਵਾਨ - ਹਰਜੀਤ ਲਸਾੜਾ | 19 |
| ਸਮਾਜ ਸੇਵਾ ਨੂੰ ਸਮਰਪਿਤਾ - ਸ਼੍ਰੀਮਤੀ ਕਰਮਜੀਤ ਕੌਰ | 20 |
| ਸੈਣੀ ਭਵਨ ਦੇ ਭਲਾਈ ਕਾਰਜਾਂ ਤੇ ਇੱਕ ਝਾਤ | 21-22 |
| ਕਹਾਣੀ - ਅਕਲ | 23 |
| ਹੱਡਬੀਤੀ - ਐਟੀਚਿਉਡ | 24 |
| ਸਿਰਮੌਰ ਪੰਜਾਬੀ ਵਿਗਿਆਨੀ - ਡਾ. ਹਰਕਿਸ਼ਨ ਸਿੰਘ | 25-26 |
| ਵਧਾਈਆਂ | 27 |
| ਮੈਂ ਪਾਣੀ ਹਾਂ ਮੈਨੂੰ ਸੰਭਾਲ ਲਓ | 28 |
| Stroke Awareness - It Matters | 29 |
| ਔਰਤ ਤੇਰੀ ਕਹਾਣੀ | 30 |
| ਕਹਾਣੀ - ਧਰਮ ਕਰਮ | 31 |
| ਯੋਗ ਆਸਣ ਕਿਵੇਂ ਕਰੀਏ ? | 32-33 |
| ਬੈਡਮਿੰਟਨ ਚੈਂਪੀਅਨ - ਰੁਪਿੰਦਰ ਸੈਣੀ | 34 |
| Five year members of Saini Sansar | 35 |
| Matrimonials | 36-40 |


## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |

ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. : 500 ਰੁ: 8 ਸੈ.ਮੀ. x 6 ਸੈ.ਮੀ. = 1000 ਰੁ:

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫ਼ੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 01881-226588) ਤੋਂ ਤਿਆਰ ਕਰਵਾਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ

# ਪੰਜਾਬ ਚੋਣਾਂ ਦੇ ਸਬਕ

ਅਜਮੇਰ ਸਿੰਘ (ਡਾ.)



ਪੰਜਾਬ ਵਿੱਚ ਕਾਂਗਰਸ ਦੀ ਸ਼ਾਨਾਂਮੱਤੀ ਵਾਪਸੀ, ਅਕਾਲੀ ਭਾਜਪਾ ਗੱਠਜੋੜ ਦੀ ਨਮੋਸ਼ੀਜਨਕ ਹਾਰ ਅਤੇ ਆਮ ਆਦਮੀ ਪਾਰਟੀ ਦੇ ਸੁਪਨਿਆਂ ਦਾ ਟੁੱਟ ਜਾਣਾ ਸੂਬੇ ਦੀਆਂ ਮੌਜੂਦਾ ਪ੍ਰਸਥਿਤੀਆਂ ਵਿੱਚ ਬੇਹੱਦ ਅਹਿਮ ਹੈ। ਪੰਜਾਬ ਦੇ ਵੋਟਰਾਂ ਨੇ ਕੁਸ਼ਾਸਨ, ਭ੍ਰਿਸ਼ਟਾਚਾਰ ਅਤੇ ਹੰਕਾਰੀ ਵਰਤਾਰੇ ਦੇ ਵਿਰੁੱਧ ਸ਼ਾਂਤੀ, ਸਥਿਰਤਾ ਅਤੇ ਪੰਜਾਬ ਤੇ ਪੰਜਾਬੀਆਂ ਦੇ ਚੰਗੇ ਦਿਨਾਂ ਦੀ ਆਸ ਨਾਲ ਤਬਦੀਲੀ ਲਈ ਸਾਰਥਿਕ ਫ਼ਤਵਾ ਦਿੱਤਾ ਹੈ। ਇਹ ਨਤੀਜੇ ਨਾ ਕੇਵਲ ਪ੍ਰਦੇਸ਼ ਕਾਂਗਰਸ, ਬਲਕਿ ਕਾਂਗਰਸ ਪਾਰਟੀ ਦੀ ਕੌਮੀ ਲੀਡਰਸ਼ਿਪ ਲਈ ਵੀ ਮਹੱਤਤਾ ਵਾਲੇ ਹਨ। ਇਸ ਪਾਰਟੀ ਨੂੰ ਸਿਰ ਪਈ ਵੱਡੀ ਜ਼ਿੰਮੇਵਾਰੀ ਨਿਭਾਉਣ ਦੀ ਚੁਣੌਤੀ ਦਰਕਾਰ ਰਹੇਗੀ।

ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਆਪਣੇ ਕਾਰਜਕਾਲ ਦੌਰਾਨ ਸੌੜੇ ਸਿਆਸੀ ਅਤੇ ਨਿੱਜੀ ਹਿੱਤਾਂ ਲਈ ਲੋਕ ਹਿੱਤਾਂ ਨੂੰ ਅੱਖੋਂ ਓਹਲੇ ਕਰਨ ਦਾ ਖ਼ਮਿਆਜ਼ਾ ਭੁਗਤਣਾ ਪਿਆ ਹੈ। ਸਾਰੇ ਅਹਿਮ ਵਿਭਾਗ ਆਪਣੇ ਅਤੇ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਕੋਲ ਹੋਣ ਕਾਰਨ ਬਾਦਲ ਪਿਉ-ਪੁੱਤਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ। ਅਮਨ-ਕਾਨੂੰਨ ਦੀ ਮਾੜੀ ਹਾਲਤ, ਗੈਂਗਸਟਰਾਂ ਦਾ ਬੋਲਬਾਲਾ ਅਤੇ ਭ੍ਰਿਸ਼ਟਾਚਾਰ ਤੋਂ ਇਲਾਵਾ ਨਸ਼ਿਆਂ, ਰੇਤਾ-ਬਜਰੀ, ਟਰਾਂਸਪੋਰਟ ਤੇ ਮੀਡੀਆ ਮਾਫ਼ੀਆ ਰਾਹੀਂ ਪੰਜਾਬ ਦੇ ਲੋਕਾਂ ਦਾ ਜਿਉਣਾ ਦੁੱਭਰ ਕਰਨ ਦੇ ਦੋਸ਼ਾਂ ਤੋਂ ਅਕਾਲੀ-ਭਾਜਪਾ ਲੀਡਰਸ਼ਿਪ ਮੁਕਤ ਨਹੀਂ ਹੋ ਸਕਦੀ। ਵੋਟਾਂ ਲਈ ਡੇਰੇਦਾਰਾਂ ਮੂਹਰੇ ਗੋਡੇ ਟੇਕਣ ਦੀ ਨੀਤੀ ਨੇ ਅਕਾਲੀ ਦਲ ਨੂੰ ਪੰਥਕ ਸਫ਼ਾਂ ਵਿੱਚੋਂ ਮਨਫ਼ੀ ਕਰ ਦਿੱਤਾ। ਪਾਰਟੀ ਲੀਡਰਸ਼ਿਪ ਦੀਆਂ ਇਨ੍ਹਾਂ ਕੋਤਾਹੀਆਂ ਕਾਰਨ ਪੈਦਾ ਹੋਏ ਨਫ਼ਰਤ ਤੇ ਤਾਣੇ ਬਾਣੇ ਕਾਰਨ ਅਕਾਲੀ ਦਲ ਨੂੰ ਜ਼ਬਰਦਸਤ ਹਾਰ ਅਤੇ ਨਮੋਸ਼ੀ ਦਾ ਮੂੰਹ ਵੇਖਣਾ ਪਿਆ ਹੈ। ਉਧੱਰ, ਰਵਾਇਤੀ ਪਾਰਟੀਆਂ ਤੋਂ ਅਲੱਗ ਨਵੀਂ ਸੋਚ ਦੀ ਪੈਰੋਕਾਰ ਅਖਵਾਉਣ ਵਾਲੀ ਆਮ ਆਦਮੀ ਪਾਰਟੀ ਦਾ ਹੀਜ਼-ਪਿਆਜ਼ ਵੀ ਜਲਦੀ ਹੀ ਲੋਕਾਂ ਸਾਹਮਣੇ ਬੇਪਰਦ ਹੋ ਗਿਆ। ਭ੍ਰਿਸ਼ਟਾਚਾਰ ਅਤੇ ਅਨੈਤਿਕਤਾ ਦੇ ਦੋਸ਼ਾਂ ਵਿੱਚ ਘਿਰੇ ਇਸਦੇ ਪੰਜਾਬ ਤੋਂ ਬਾਹਰਲੇ ਇੰਚਾਰਜਾਂ ਦੇ ਘੁਮੰਡੀ ਵਰਤਾਰੇ, ਹਉਮੈ ਅਤੇ ਪੰਜਾਬ ਦੇ ਆਗੂਆਂ ਉੱਤੇ ਬੇਵਿਸ਼ਵਾਸੀ ਨੇ ਇਸ ਦੀ ਜਿੱਤ ਨੂੰ ਹਾਰ ਵਿੱਚ ਬਦਲਣ ਵਿੱਚ ਭੂਮਿਕਾ ਨਿਭਾਈ। ਕੋਈ ਵਿਚਾਰਧਾਰਕ ਅਤੇ ਨੀਤੀਗਤ ਆਧਾਰ ਨਾ ਹੋਣ ਦੇ ਨਾਲ ਨਾਲ ਅੰਦਰੂਨੀ ਖ਼ਾਨਾਜੰਗੀ ਵੀ ਇਸ ਦੇ ਰਾਹ ਵਿੱਚ ਰੁਕਾਵਟ ਬਣੀ।

ਪੰਜਾਬ ਵਿਧਾਨ ਸਭਾ ਚੋਣਾਂ ਦੇ ਇਹ ਨਤੀਜੇ ਪੰਜਾਬ ਤੇ ਪੰਜਾਬੀਆਂ ਲਈ ਕਈ ਹੋਰ ਪੱਖਾਂ ਤੋਂ ਵੀ ਅਹਿਮੀਅਤ ਰੱਖਦੇ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਨੂੰ ਪਛਾੜ ਕੇ ਆਮ ਆਦਮੀ ਪਾਰਟੀ ਦਾ ਮੁੱਖ ਵਿਰੋਧੀ ਧਿਰ ਵਜੋਂ ਉੱਭਰਨਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਸੂਬੇ ਵਿੱਚ ਕਿਸੇ ਵੀ ਲੋਕ ਪੱਖੀ ਨਵੀਂ ਤੀਜੀ ਸਿਆਸੀ ਧਿਰ ਲਈ ਜ਼ਰਖੇਜ਼ ਜ਼ਮੀਨ ਮੌਜੂਦ ਹੈ।ਉਹ ਇਸ ਸੰਕੇਤ ਨੂੰ ਸਮਝ ਕੇ ਭਵਿੱਖ ਵਿੱਚ ਠੋਸ ਬਦਲ ਪੇਸ਼ ਕਰ ਸਕਦੀਆਂ ਹਨ। ਇਨ੍ਹਾਂ ਚੋਣਾਂ ਦੌਰਾਨ ਨਸ਼ਿਆਂ ਤੇ ਮਾਫ਼ੀਆ ਕਾਰੋਬਾਰਾਂ, ਕੁਸ਼ਾਸਨ, ਭ੍ਰਿਸ਼ਟਾਚਾਰ ਅਤੇ ਕਿਸਾਨੀ ਦੀ ਮੰਦਹਾਲੀ ਜਿਹੇ ਉੱਭਰੇ ਮੁੱਦਿਆਂ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਅੱਖਾਂ ਮੀਚ ਕੇ ਪੰਥ ਨੂੰ ਵੋਟ ਪਾਉਣ ਦਾ ਜ਼ਮਾਨਾ ਲੱਦ ਗਿਆ ਹੈ। ਬੇਰੁਜ਼ਗਾਰੀ, ਗ਼ਰੀਬੀ, ਸਿੱਖਿਆ ਅਤੇ ਸਿਹਤ ਸਹੂਲਤਾਂ ਨੂੰ ਅਣਗੌਲਿਆ ਕਰਕੇ ਸੜਕਾਂ ਅਤੇ ਬੁਨਿਆਦੀ ਢਾਂਚੇ ਦਾ ਵਿਕਾਸ ਆਮ ਲੋਕਾਂ ਲਈ ਕੋਈ ਮਾਅਨੇ ਨਹੀਂ ਰੱਖਦਾ। ਪੈਸੇ ਅਤੇ ਚੋਣ ਰਣਨੀਤੀ ਦੇ ਦਾਅ-ਪੇਚਾਂ ਨੂੰ ਨਕਾਰ ਕੇ ਲੋਕਾਂ ਨੇ ਇਹ ਸੰਦੇਸ਼ ਦੇ ਦਿੱਤਾ ਹੈ ਕਿ ਹੁਣ ਵੋਟਰਾਂ ਨੂੰ ਕੂੜ ਪ੍ਰਚਾਰ ਰਾਹੀਂ ਬੁੱਧੂ ਨਹੀਂ ਬਣਾਇਆ ਜਾ ਸਕਦਾ। ਇਹ ਨਤੀਜੇ ਭਵਿੱਖ ਵਿੱਚ ਸ਼੍ਰੋਮਣੀ ਅਕਾਲੀ ਦਲ ਭਾਜਪਾ ਅਤੇ ਆਮ ਆਦਮੀ ਪਾਰਟੀ ਵਿੱਚ ਨਵੇਂ ਸਮੀਕਰਨ ਸਿਰਜਣ ਵਿੱਚ ਵੀ ਕਿਸੇ ਹੱਦ ਤਕ ਭੂਮਿਕਾ ਨਿਭਾ ਸਕਦੇ ਹਨ।

## ਵਤਨਪ੍ਰਸਤੀ ਦੀ ਸੰਕੀਰਣ ਪਰਿਭਾਸ਼ਾ

ਭਾਰਤ ਦੀ ਹਰ ਰਾਜ ਕਰਦੀ ਰਾਜਨੀਤਿਕ ਪਾਰਟੀ ਆਪਣੇ ਹਿੱਤ ਵਿੱਚ ਵਤਨਪ੍ਰਸਤੀ ਅਤੇ ਦੇਸ਼ਧ੍ਰੋਹ ਦੀਆਂ ਪਰਿਭਾਸ਼ਾਵਾਂ ਨਿਰਧਾਰਿਤ ਕਰਦੀਆਂ ਹਨ। ਕਿਸੇ ਸੂਬੇ ਵਿੱਚ ਆਪਣੇ ਹੱਕ ਮੰਗਦੇ ਸੰਘਰਸ਼ਸੀਲ ਤੇ ਸਵੈਮਾਨੀ ਲੋਕ ਦੇਸ਼ ਵਿਰੁੱਧ ਜੰਗ ਕਰਦੇ ਐਲਾਨੇ ਜਾਂਦੇ ਹਨ ਅਤੇ ਕਿਤੇ ਆਪਣੀ ਵਿਲੱਖਣ ਹੋਂਦ ਨੂੰ ਬਰਕਰਾਰ ਰੱਖਣ ਲਈ ਘੱਟ ਗਿਣਤੀ ਲੋਕਾਂ ਦੇ ਹੰਭਲਿਆਂ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਖ਼ਤਰਾ ਕਿਹਾ ਜਾਂਦਾ ਹੈ। ਇਸ ਵਿਚ ਮੋਹਰੀ ਵੀ ਉਹ ਕਚਘੜ ਰਾਜਨੀਤਕ ਨੇਤਾ ਹੁੰਦੇ ਹਨ ਜਿਨ੍ਹਾਂ ਨੇ ਸ਼ਾਇਦ ਭਾਰਤ ਦਾ ਧਰਮਨਿਰਪੇਖ ਤੇ ਬਹੁਨਸਲਵਾਦੀ ਸੰਵਿਧਾਨ ਕਦੇ ਪੜ੍ਹਨ ਦੀ  ਖ਼ੇਚਲ ਨਹੀਂ ਕੀਤੀ ਹੁੰਦੀ। ਜਦੋਂ ਤੋਂ ਭਾਰਤੀ ਜਨਤਾ ਪਾਰਟੀ ਰਾਜਸੱਤਾ 'ਤੇ ਕਾਬਜ਼ ਹੋਈ ਹੈ। ਉਦੋਂ ਤੋਂ ਇਹ ਮੰਦਭਾਗਾ ਰੁਝਾਨ ਕੁਝ ਜ਼ਿਆਦਾ ਹੀ ਵਧ ਗਿਆ ਹੈ। ਇਸ ਦੀ ਤਾਜ਼ਾ ਮਿਸਾਲ ਦਿੱਲੀ ਯੂਨੀਵਰਸਿਟੀ ਦੀ 20 ਸਾਲਾ ਵਿਦਿਆਰਥਣ ਗੁਰਮਿਹਰ ਕੌਰ ਦੀ ਹੈ। 22 ਫਰਵਰੀ 2017 ਨੂੰ ਦਿੱਲੀ ਦੇ ਰਾਮਜਸ ਕਾਲਜ ਵਿੱਚ ਇੱਕ ਵਿਚਾਰ ਗੋਸ਼ਟੀ ਤੋਂ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ (ਏਬੀਵੀਪੀ) ਤੇ ਖੱਬੇ-ਪੱਖੀ ਵਿਦਿਆਰਥੀ ਸੰਗਠਨਾਂ ਦਰਮਿਆਨ ਹੋਈ ਝੜਪ ਦੇ ਸਬੰਧ ਵਿੱਚ ਜਦੋਂ ਸੋਸ਼ਲ

ਮੀਡੀਆ 'ਤੇ ਵਿਦਿਆਰਥੀ ਵਰਗ ਆਪੋ-ਆਪਣੇ ਵਿਚਾਰਾਂ ਦਾ ਇਜ਼ਹਾਰ ਕਰ ਰਿਹਾ ਸੀ ਤਾਂ ਦਿੱਲੀ ਦੇ ਹੀ ਲੇਡੀ ਸ੍ਰੀਰਾਮ ਕਾਲਜ ਦੀ ਬੀ.ਏ ਦੂਜੇ ਵਰ੍ਹੇ ਦੀ ਵਿਦਿਆਰਥਣ ਗੁਰਮਿਹਰ ਕੌਰ ਨੇ ਆਪਣੇ ਫੇਸਬੁੱਕ ਪ੍ਰੋਫਾਈਲ 'ਤੇ ਆਪਣੀ ਉਹ ਤਸਵੀਰ ਪੋਸਟ ਕਰ ਦਿੱਤੀ ਜਿਸ ਵਿੱਚ ਉਸ ਨੇ ਤਖ਼ਤੀ ਚੁੱਕੀ ਹੋਈ ਸੀ। ਤਖ਼ਤੀ 'ਤੇ ਲਿਖਿਆ ਸੀ: ਮੈਂ ਦਿੱਲੀ ਯੂਨੀਵਰਸਿਟੀ ਦੀ ਵਿਦਿਆਰਥਣ ਹਾਂ ਅਤੇ ਮੈਂ ਏਬੀਵੀਪੀ ਤੋਂ ਡਰਦੀ ਨਹੀਂ। ਇਹ ਤਸਵੀਰ ਹੀ ਉਸ ਦੇ ਖ਼ਿਲਾਫ਼ ਟ੍ਰੌਲਿੰਗ ਮੁਹਿੰਮ ਦਾ ਹਿੱਸਾ ਬਣ ਗਈ। ਸੋਸ਼ਲ ਮੀਡੀਆ 'ਤੇ ਉਸ ਨੂੰ ਤਰ੍ਹਾਂ-ਤਰ੍ਹਾਂ ਦੀਆਂ ਚਿਤਾਵਨੀਆਂ ਮਿਲੀਆਂ ਜਿਨ੍ਹਾਂ ਵਿੱਚ ਬਲਾਤਕਾਰ ਦਾ ਸ਼ਿਕਾਰ ਬਣਾਉਣ ਤੇ ਉਸ ਦੀ ਜਾਨ ਲੈਣ ਦੀਆਂ ਧਮਕੀਆਂ ਵੀ ਸ਼ਾਮਿਲ ਹਨ।ਸਥਿਤੀ ਦਾ ਅਫਸੋਸਨਾਕ ਪੱਖ ਇਹ ਰਿਹਾ ਕਿ ਦੇਸ਼ ਦੀਆਂ ਕੁਝ ਸੱਜੇ-ਪੱਖੀ ਹਸਤੀਆਂ ਦੇ ਗੁਰਮਿਹਰ ਕੌਰ ਨੂੰ 'ਦੇਸ਼ਧ੍ਰੋਹੀ' "ਦੂਸ਼ਿਤ ਮਨ ਵਾਲੀ" ਕਿਸੇ ਹੋਰ ਰਾਜਨਤਿਕ ਪਾਰਟੀ ਦੀ ਗੁਮਰਾਹ ਮੋਹਰੀ ਆਦਿ ਆਖਿਆ। ਇੱਕ ਜ਼ਿੰਮੇਵਾਰ ਭਾਜਪਾ ਮੰਤਰੀ ਨੇ ਤਾਂ ਇਹ ਵੀ ਕਹਿ ਦਿੱਤਾ ਕਿ ਜੋ ਲੋਕ ਗੁਰਮਿਹਰ ਕੌਰ ਦਾ ਸਮਰਥਨ ਕਰਦੇ ਹਨ ਉਨ੍ਹਾਂ ਨੂੰ ਦੇਸ਼ 'ਚੋਂ ਬਾਹਰ ਕੱਢ ਦਿੱਤਾ ਜਾਣਾ ਚਾਹੀਦਾ ਹੈ। ਅਸਲ ਵਿੱਚ ਭਗਵਾ ਮਨੋਬਿਰਤੀ ਵਾਲਿਆਂ ਨੂੰ ਕੌਮਪ੍ਰਸਤੀ ਦੀ ਭਾਜਪਾ ਜਾ ਸੰਘ ਪਰਿਵਾਰ ਵਾਲੀ ਪਰਿਭਾਸ਼ਾ ਨੂੰ ਰੱਦ ਕੀਤੇ ਜਾਣਾ ਹਜ਼ਮ ਨਹੀਂ ਹੋਇਆ।

ਗੁਰਮਿਹਰ ਨੂੰ ਕਠਪੁਤਲੀ ਤੇ ਮੋਹਰਾ ਦੱਸਣ ਵਾਲੇ ਇਨ੍ਹਾਂ ਰੂੜ੍ਹੀਵਾਦੀ ਤੇ ਸੱਜੇ-ਪੱਖੀ ਅਨਸਰਾਂ ਵਾਸਤੇ ਮਨੋਵਿਗਿਆਨਕ ਪੱਧਰ ਉੱਤੇ ਇਹ ਸੋਚਣਾ ਹੀ ਬਹੁਤ ਪ੍ਰੇਸ਼ਾਨੀਜਨਕ ਹੁੰਦਾ ਹੈ ਕਿ ਇੱਕ ਨੌਜਵਾਨ ਲੜਕੀ ਖ਼ੁਦ ਇਸ ਤਰ੍ਹਾਂ ਸੋਚਣ ਦੇ ਲਾਇਕ ਹੈ ਤੇ ਉਹ ਆਪਣੇ ਵਿਚਾਰਾਂ ਨੂੰ ਅਮਲ ਵਿੱਚ ਵੀ ਲਿਆ ਸਕਦੀ ਹੈ। ਇਹ ਵੀ ਸੱਚ ਹੈ ਕਿ ਅਜਿਹੀਆਂ ਪਿਛਾਂਹ ਖਿੱਚੂ ਤਾਕਤਾਂ ਨੂੰ ਸਰਕਾਰ ਦੇ ਕੁਝ ਮੰਤਰੀਆਂ ਤੇ ਸੱਜੇ-ਪੱਖੀ ਜਥੇਬੰਦੀਆਂ ਦੇ ਅਹੁਦੇਦਾਰਾਂ ਵੱਲੋ ਹੱਲਾਸ਼ੇਰੀ ਵੀ ਮਿਲਦੀ ਹੈ, ਜੋ ਭਾਰਤੀ ਸਮਾਜ ਵਿੱਚ ਪੁਰਸ਼ਾਂ ਦੀ ਸਰਦਾਰੀ ਵਾਲੀ ਡੂੰਘੀ ਉੱਕਰੀ ਹੋਈ ਸੋਚ ਤੇ ਸੱਭਿਆਚਾਰ ਦੀ ਨੁਮਾਇੰਦਗੀ ਕਰਦੇ ਹਨ।

ਗੁਰਮਿਹਰ ਅਕਾਦਮਿਕ ਆਜ਼ਾਦੀ ਲਈ ਮੁਹਿੰਮ ਵਿੱਚੋਂ ਪਿੱਛੇ ਹੱਟ ਗਈ ਹੈ। ਹੋ ਸਕਦਾ ਹੈ ਕਿ ਆਪਣੀ ਪੜ੍ਹਾਈ ਵੱਲ ਵਧੇਰੇ ਧਿਆਨ ਦੇਣ ਲਈ ਉਹ ਪਿੱਛੇ ਹਟੀ ਹੋਵੇ, ਕਿਉਂਕਿ ਉਸਦੇ ਇਮਤਿਹਾਨ ਨੇੜੇ ਹੀ ਹਨ। ਪਰ ਇਹ ਵੀ ਯਕੀਨੀ ਹੈ ਕਿ ਹਿੰਦੁਤਵ ਜਥੇਬੰਦੀਆਂ ਨਾਲ ਸਬੰਧਿਤ ਸੱਜੇ-ਪੱਖੀ ਰੂੜ੍ਹੀਵਾਦੀਆਂ ਵੱਲੋਂ ਦਿੱਤੀਆਂ ਗਈਆਂ ਧਮਕੀਆਂ ਦੀ ਵੀ ਉਸਦੇ ਇਸ ਫ਼ੈਸਲੇ ਵਿੱਚ ਅਹਿਮ ਭੂਮਿਕਾ ਰਹੀ। ਭਾਰਤੀ ਹਕੂਮਤੀ ਪ੍ਰਬੰਧ ਲਈ ਇਸ ਤੋਂ ਵੱਧ ਨਿੰਦਾਜਨਕ ਹੋਰ ਕੀ ਹੋ ਸਕਦਾ ਹੈ ਕਿ ਗੁਰਮਿਹਰ ਨੂੰ ਧਮਕੀਆਂ ਦੇਣ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨ ਦੀ ਥਾਂ ਉਸਨੂੰ ਹੀ ਚੁੱਪ ਕਰਵਾ ਦਿੱਤਾ ਗਿਆ। ਇੱਕ ਦ੍ਰਿੜ ਇਰਾਦੇ ਵਾਲੀ ਲੜਕੀ ਨੂੰ ਇਸ ਤਰ੍ਹਾਂ ਚੁੱਪ ਕਰਵਾ ਦੇਣਾ ਭਾਰਤ ਵਿੱਚ ਮਰਦਾਵੀਂ ਚੌਧਰ ਤੇ ਪੱਖਪਾਤ ਵਾਲੀਆਂ ਸੰਸਥਾਵਾਂ ਅਤੇ ਉਨ੍ਹਾਂ ਦੀ ਬਣਤਰ ਉੱਤੇ ਇੱਕ ਵੱਡਾ ਸਵਾਲ ਖੜ੍ਹਾ ਕਰਦਾ ਹੈ। ਇਸ ਵਿਦਿਆਰਥਣ ਨੇ ਆਪਣੀਆਂ ਭਾਵਨਾਵਾਂ ਦੀ ਅਭਿਵਿਆਕਤੀ ਕੀ ਕੀਤੀ, ਭਾਰਤੀ ਕੱਟੜਪੰਥੀਆਂ ਨੇ ਉਸ ਨੂੰ ਭਾਰਤ ਦਾ ਦੁਸ਼ਮਣ ਕਰਾਰ ਦੇ ਦਿੱਤਾ। ਕੱਟੜਪੰਥੀ ਕਿੰਨੀ ਜਲਦੀ ਭੁੱਲ ਗਏ ਕਿ ਗੁਰਮਿਹਰ ਦੇ ਪਿਤਾ ਮਨਦੀਪ ਸਿੰਘ ਨੇ ਕਸ਼ਮੀਰ ਵਿੱਚ ਭਾਰਤ ਲਈ ਜਾਨ ਕੁਰਬਾਨ ਕਰ ਦਿੱਤੀ ਸੀ। ਉਸ ਸਮੇਂ ਇਹ ਬੱਚੀ ਕੇਵਲ ਤਿੰਨ ਸਾਲ ਦੀ ਸੀ। ਅੰਨ੍ਹੇ ਰਾਸ਼ਟਰਵਾਦੀ ਇਸ ਬੱਚੀ ਦੇ ਪਰਿਵਾਰ ਦੀ ਕੁਰਬਾਨੀ, ਪਿਤਾ ਬਿਨਾ ਬਿਤਾਇਆ ਸਮਾਂ ਅਤੇ ਉਸ ਦੇ ਮਨ ਦੀਆਂ ਸੰਵੇਦਨਾਵਾਂ ਨਹੀਂ ਸਮਝ ਸਕੇ।

ਗੁਰਮਿਹਰ ਨੇ ਜਿਸ ਤਰ੍ਹਾਂ ਸੋਚਿਆ ਤੇ ਆਪਣੇ ਵਿਚਾਰਾਂ ਨੂੰ ਪੇਸ਼ ਕੀਤਾ ਇਸ ਤਰ੍ਹਾਂ ਕੇਵਲ ਸ਼ਹੀਦ ਦੀ ਬੇਟੀ ਹੀ ਸੋਚ ਸਕਦੀ ਹੈ। ਰਾਜਨੀਤੀ ਦੀਆਂ ਮੌਜਾਂ ਮਾਨਣ ਵਾਲੇ ਇਸ ਤਰ੍ਹਾਂ ਨਹੀਂ ਸੋਚ ਸਕਦੇ। ਗੁਰਮਿਹਰ ਨੇ ਉਸ ਭਾਰਤ ਤੇ ਪਾਕਿਸਤਾਨ ਦੀ ਗੱਲ ਕੀਤੀ ਹੈ ਜੋ ਸਾਧਾਰਨ ਲੋਕਾਂ ਦੇ ਦੇਸ਼ ਹਨ। ਦੋਵਾਂ ਦੇਸ਼ਾਂ ਦੇ ਸਾਧਾਰਨ ਲੋਕ ਸ਼ਾਂਤੀ ਚਾਹੁੰਦੇ ਹਨ। ਅਸੀਂ ਤਾਂ ਅਜੇ 1947 ਦੇ ਦਰਦ ਨਹੀਂ ਭੁੱਲੇ। ਉਸਤਾਦ ਦਾਮਨ ਲਿਖਦਾ ਹੈ:

ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ।
ਸੋਏ ਤੁਸੀਂ ਵੀ ਓ, ਸੋਏ ਅਸੀਂ ਵੀ ਆਂ।
ਲਾਲੀ ਅੱਖੀਆਂ ਦੀ ਪਈ ਦੱਸਦੀ ਏ।
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ।

ਫਿਰ ਸਵਾਲ ਇਹ ਉੱਠਦਾ ਹੈ ਕਿ ਸ਼ਾਂਤੀ ਕੌਣ ਨਹੀਂ ਚਾਹੁੰਦਾ? ਕਿਹੜੀਆਂ ਤਾਕਤਾਂ ਨੇ ਜੋ ਭਰਾ- ਭਰਾ ਨਾਲ ਲੜਾ ਰਹੀਆਂ ਹਨ? ਇਸ ਦਾ ਜਵਾਬ ਨੌਜਵਾਨ ਪੀੜ੍ਹੀ ਨੇ ਲੱਭਣਾ ਹੈ। ਮੈਨੂੰ ਪੂਰਨ ਉਮੀਦ ਹੈ ਕਿ ਦੋਵਾਂ ਦੇਸ਼ਾਂ ਦੇ ਨਰੋਈ ਸੋਚ ਵਾਲੇ ਨੌਜਵਾਨ ਇਹ ਦਾ ਜਵਾਬ ਜ਼ਰੂਰ ਲੱਭ ਲੈਣਗੇ।

ਭਾਰਤ ਕਿਸੇ ਦੇ ਪਰਿਵਾਰ ਦੀ ਜਾਗੀਰ ਨਹੀਂ, ਇਹ ਸਭ ਦਾ ਸਾਂਝਾ ਹੈ। ਭਾਰਤ ਇਸ ਵਿੱਚ ਰਹਿਣ ਵਾਲੀਆਂ ਸਾਰੀਆਂ ਕੌਮਾਂ ਜਾਤਾਂ ਅਤੇ ਧਰਮਾਂ ਦਾ ਸਾਂਝਾ ਰਾਸ਼ਟਰ ਹੈ। ਇਸ ਪੂਰੇ ਘਟਨਾਕ੍ਰਮ ਤੋਂ ਭਾਰਤ ਦੇ ਅਕਸ 'ਤੇ ਜੋ ਧੱਬਾ ਲੱਗਣਾ ਸੀ, ਉਹ ਲੱਗ ਚੁੱਕਾ ਹੈ। ਹੋਰ ਤਾਂ ਹੋਰ, ਇਸ ਨੇ ਅਰੁਨ ਜੇਤਲੀ ਵਰਗੇ ਮੱਧਮਾਰਗੀ ਆਗੂ ਦਾ ਅਸਲ ਚਿਹਰਾ ਵੀ ਬੇਪਰਦ ਕਰ ਦਿੱਤਾ। ਉਸ ਨੇ ਲੰਡਨ ਸਕੂਲ ਆਫ ਇਕਨੌਮਿਕਸ (ਐਲਐਸਈ) ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਸਵੈ-ਪ੍ਰਗਟਾਵੇ ਦੀ ਆਜ਼ਾਦੀ ਦੀ ਮੁਦੱਈ ਹੈ ਪਰ ਇਹ ਆਜ਼ਾਦੀ "ਦੇਸ਼ ਦੀ ਪ੍ਰਭੂਸੱਤਾ ਲਈ ਖ਼ਤਰਾ ਨਹੀਂ ਬਣਨੀ ਚਾਹਦੀ।" ਉਨ੍ਹਾਂ ਇਹ ਵੀ ਕਿਹਾ ਕਿ "ਜਦੋਂ ਵੱਖਵਾਦੀ ਤੇ ਧੁਰ ਖੱਬੇ-ਪੱਖੀ ਇੱਕੋ ਭਾਸ਼ਾ ਬੋਲ ਰਹੇ ਹੋਣ, ਉਦੋਂ ਉਨ੍ਹਾਂ ਨੂੰ ਠੋਕਵੇਂ ਸੁਰ ਵਿੱਚ ਹੀ ਜਵਾਬ ਦੇਣਾ ਜਾਇਜ਼ ਹੈ।" ਅਜਿਹੇ ਤਰਕਾਂ ਉੱਤੇ

ਅਮਲ ਜੇਕਰ ਗੱਲਾਂ ਤਕ ਹੀ ਸੀਮਤ ਰਹੇ ਤਾਂ ਉਸ 'ਤੇ ਬਹੁਤਾ ਇਤਰਾਜ਼ ਨਹੀਂ ਹੋਣਾ ਚਾਹੀਦਾ, ਪਰ ਅਸਲੀਅਤ ਇਹ ਹੈ ਕਿ ਏਬੀਵੀਪੀ ਪਿਛਲੇ ਕੁਝ ਸਮੇਂ ਤੋਂ ਦਲੀਲ ਵਾਲਾ ਰਾਹ ਅਖ਼ਤਿਆਰ ਕਰਨ ਦੀ ਥਾਂ ਆਪਣੀ ਗੱਲ ਮਨਵਾਉਣ ਲਈ ਹਿੰਸਾ ਦਾ ਲਗਾਤਾਰ ਸਹਾਰਾ ਲੈਂਦੀ ਆ ਰਹੀ ਹੈ।

ਅਜਿਹੇ ਸੋਚਵਾਨਾਂ ਦੀ ਕਮੀ ਨਹੀਂ ਜਿਹੜੇ ਏਬੀਵੀਪੀ ਦੇ ਪੈਂਤੜਿਆਂ ਨੂੰ ਇਸ ਆਧਾਰ 'ਤੇ ਜਾਇਜ਼ ਦੱਸਦੇ ਹਨ ਕਿ ਅਤੀਤ ਵਿੱਚ ਕੁਝ ਖੱਬੇ-ਪੱਖੀ ਵਿਦਿਆਰਥੀ ਸੰਗਠਨ ਯੂਨੀਵਰਸਿਟੀਆਂ ਤੇ ਹੋਰ ਅਹਿਮ ਵਿੱਦਿਅਕ ਅਦਾਰਿਆਂ ਵਿੱਚ ਆਪਣਾ ਦਾਬਾ ਬਿਠਾਉਣ ਲਈ ਜਿਹੜੇ ਹੱਥਕੰਡੇ ਵਰਤਦੇ ਆਏ ਸਨ, ਉਹੀ ਹੁਣ ਏਬੀਵੀਪੀ ਵਰਤ ਰਹੀ ਹੈ। ਪਰ ਫ਼ਰਕ ਇਹ ਹੈ ਕਿ ਏਬੀਵੀਪੀ ਨੂੰ ਰਾਜ ਸੱਤਾ ਉੱਤੇ ਹਾਵੀ ਕੱਟੜਪੰਥੀਆਂ ਦੀ ਸਿੱਧੀ ਸਰਪ੍ਰਸਤੀ ਹਾਸਲ ਹੈ ਅਤੇ ਇਸੇ ਲਈ ਇਹ ਹਰ ਥਾਂ ਡੰਡੇ ਦੇ ਜ਼ੋਰ ਨਾਲ ਅੱਗੇ ਵਧਣਾ ਚਾਹੁੰਦੀ ਹੈ। ਇਸ ਜਥੇਬੰਦੀ ਕੋਲ ਦਲੀਲ ਦੀ ਤਾਕਤ ਦਰਸਾਉਣ ਵਾਲੇ ਆਗੂ ਮੌਜੂਦ ਹਨ, ਪਰ ਦਲੀਲ ਨੂੰ ਆਪਣਾ ਪ੍ਰਭਾਵ ਦਰਜ ਕਰਨ ਲਈ ਸਮਾਂ ਤੇ ਸਬਰ ਚਾਹੀਦਾ ਹੁੰਦਾ ਹੈ। ਜਿਸ ਕਿਸਮ ਦੀ ਕਾਹਲ ਵਿੱਚ ਹਿੰਦੂਤਵੀ ਮੋਹਤਬਰ ਇਸ ਵੇਲੇ ਹਨ ਉਸ ਦੇ ਮੱਦੇਨਜ਼ਰ ਏਬੀਵੀਪੀ ਤਾਂ ਕੀ, ਸੰਘ ਪਰਿਵਾਰ ਨਾਲ ਜੁੜੀ ਕੋਈ ਵੀ ਜਥੇਬੰਦੀ ਜਾਂ ਸੰਸਥਾ ਸਬਰ ਤੇ ਸੰਜਮ ਨਹੀਂ ਦਿਖਾ ਸਕਦੀ। ਇਸ ਲਈ ਹਰ ਪਾਸੇ ਹੁਲੜਬਾਜ਼ੀ ਪਸਰ ਰਹੀ ਹੈ। ਵੀਹ ਵਰ੍ਹਿਆਂ ਦੀ ਗੁਰਮਿਹਰ ਕੌਰ ਨੇ ਇਹ ਕਹਿ ਕੇ ਕਿ ਉਸ ਦੇ ਪਿਤਾ ਦੀ ਜਾਨ ਪਾਕਿਸਤਾਨ ਨੇ ਨਹੀਂ ਜੰਗ ਨੇ ਲਈ ਹੈ, ਦਰਸਾ ਦਿੱਤਾ ਹੈ ਕਿ ਦੇਸ਼ ਵਿੱਚ ਅਜਿਹੀ ਯੁਵਾ ਪੀੜ੍ਹੀ ਵੀ ਮੌਜੂਦ ਹੈ ਜੋ ਹੁੱਲੜਵਤਨੀ ਦੇ ਨਾਂ 'ਤੇ ਹੁੰਦੀ ਹੁੱਲੜਬਾਜ਼ੀ ਨਾਲ ਸੱਚ ਨੂੰ ਜਾਣਦੀ ਤੇ ਸਮਝਦੀ ਹੈ। ਅਜਿਹੀ ਪੀੜ੍ਹੀ ਦੀ ਜ਼ੁਬਾਨ ਧਮਕੀਆਂ ਨਾਲ ਬੰਦ ਨਹੀਂ ਕਰਵਾਈ ਜਾਣੀ ਚਾਹੀਦੀ, ਬਲਕਿ ਇਸ ਦੀ ਸੋਚ ਦੀ ਪੁਖ਼ਤਗੀ ਦਾ ਸਤਿਕਾਰ ਹੋਣਾ ਚਾਹੀਦਾ ਹੈ। ਵੱਲਟੇਅਰ ਨੇ ਕਿਹਾ ਸੀ, "ਤੁਸੀਂ ਜੋ ਆਖਦੇ ਹੋ, ਮੈਂ ਉਸ ਨੂੰ ਨਾਮਨਜ਼ੂਰ ਕਰਦਾ ਹਾਂ, ਪਰ ਤੁਹਾਡੇ ਵੱਲੋਂ ਆਪਣੀ ਰਾਇ ਦਿੱਤੇ ਜਾਣ ਦੇ ਹੱਕ ਦੀ ਮੈਂ ਜਾਨ ਦੀ ਬਾਜ਼ੀ ਲਾ ਕੇ ਰਾਖੀ ਕਰਾਂਗਾ।"

ਸਸਤੀਆਂ ਇੱਥੇ ਬਹੁਤ ਜ਼ਮੀਰਾਂ, ਮਹਿੰਗੀਆਂ ਬਹੁਤ ਜ਼ਮੀਨਾਂ
ਮਹਿੰਗਾ ਰਾਣੀਹਾਰ ਤੇ ਸਸਤਾ ਸੱਧਰਾਂ ਭਰਿਆ ਸੀਨਾ
ਦਿਲ ਦਾ ਨਿੱਘ ਨਾ ਮੰਗੇ ਕੋਈ ਸਭ ਮੰਗਦੇ ਪਸ਼ਮੀਨਾਂ.....

–ਸੁਰਜੀਤ ਪਾਤਰ

## The Jallianwala Bagh Massacre



L.R. Mundra

The Jallianwala Bagh Massacre (also known as the Amritsar Massacre) was one of the saddest events that will likely never fade away from our memory. It was so horrific and saddening that even today, people are left wondering if it could have been avoided. Unfortunately, almost a century later, we haven't received an apology or had closure.

For those not aware, on 13th April 1919 (which was also the festival of Baisakhi), people gathered at the Jallianwala Bagh to peacefully protest the arrest of two leaders Dr. Satyapal and Dr. Saifuddin Kichlu, despite a curfew being declared. The protest, however, was not a non-violent one. On the order of General Dyer, the troops fired on the crowd for ten minutes resulting in the death of about 1000 people and injuring an equal number. To save themselves, people resorted to jumping into a nearby well and it is said that 120 bodies were recovered from here after the massacre.

"Togore felt shocked and Gandhi was plunged into grief one returned the knighthood conferred for Noble Prize. The other found that trusting the Empire was not wise in her march for freedom India, thus, turned a new leaf. When slaughter by Dyer shattered that illusive belief, Who arrogantly led his troops determined to chastise A public meeting held to denounce the Rowaltt Device. The carnage was praised by O'Dwyer, his die-hard chief. Udham Singh felt stung and pledged himself to avenge. The massacre to, thus, assert India's right to be free. Patiently planned and pursued for about twenty years killed O'Dwyer in his den to seek the avowed revenge. Ram Mohammmed Singh Azad, secular India symbolises thee Welcome home your sacred remains with grateful tears."

**- Prof. Hazara Singh D.Litt**

# ਸੈਣੀ ਬਾਰ ਦਾ ਕੀ ਅਰਥ ਹੈ ?

ਗੁਰਮੀਤ ਸਿੰਘ ਤੰਬੜ
ਪਿੰਡ ਨੰਦਾਚੌਰ



ਸੈਣੀ ਬਾਰ ਦੋ ਅੱਖਰਾਂ ਦੇ ਮੇਲ ਤੋਂ ਬਣਿਆ ਹੈ। ਸੈਣੀ+ਬਾਰ। ਸੈਣੀ ਦਾ ਅਰਥ ਹੈ ਇੱਕ ਜਾਤ ਜਿਸ ਤਰ੍ਹਾਂ ਜੱਟ, ਖੱਤਰੀ, ਬ੍ਰਾਹਮਣ ਆਦਿ। ਬਾਰ ਦਾ ਅਰਥ ਹੈ ਇਲਾਕਾ। ਸੈਣੀ ਬਾਰ ਦਾ ਅਰਥ ਹੈ ਸੈਣੀਆਂ ਦਾ ਇਲਾਕਾ ਜਾਂ ਥਾਂ।

ਲਾਹੌਰ ਤੋਂ 40 ਕੁ ਮੀਲ ਦੂਰ ਦੱਖਣ ਪੱਛਮ ਵੱਲ ਇਕ ਛੋਟਾ ਜਿਹਾ ਪਿੰਡ ਸੀ ਜਿਸ ਦੇ ਦੁਆਲੇ ਦੂਰ ਦੂਰ ਤੱਕ ਸੰਘਣਾ ਜੰਗਲ ਸੀ। ਇਹ ਇਕ ਬਹੁਤ ਹੀ ਬੇ-ਆਬਾਦ ਇਲਾਕਾ ਸੀ। ਇਸ ਇਲਾਕੇ ਦਾ ਮਾਲਕ ਭੱਟੀ ਜ਼ਿੰਮੀਦਾਰ ਰਾਇ ਭੋਇ ਸੀ। ਇਸ ਪਿੰਡ ਦਾ ਨਾਮ ਤਲਵੰਡੀ ਸੀ। ਇਸ ਪਿੰਡ ਵਿੱਚ ਹੀ ਸ਼੍ਰੀ ਗੁਰੂ ਨਾਨਕ ਦੇਣ ਜੀ ਮਹਾਰਾਜ ਨੇ ਅਵਤਾਰ ਧਾਰਿਆ। ਭੱਟੀ ਪਰਿਵਾਰ ਦੀ ਇਸ ਇਲਾਕੇ ਵਿੱਚ 500 ਮੁਰੱਬਾ ਜ਼ਮੀਨ ਸੀ। ਬਹੁਤ ਸਾਰੇ ਪਿੰਡ ਇਹਨਾਂ ਦੇ ਆਪਣੇ ਸਨ। ਇਸ ਹੀ ਭੱਟੀ ਪਰਿਵਾਰ ਵਿੱਚ ਇੱਕ ਦੂਲਾ ਨਾਮ ਦਾ ਸੂਰਮਾ ਬਹਾਦੁਰ ਪੈਦਾ ਹੋਇਆ। ਦੂਲਾ ਇੱਕ ਉੱਚਾ ਲੰਬਾ ਸੁੰਦਰ ਸਰੀਰ ਵਾਲਾ ਨੌਜਵਾਨ ਸੀ। ਉਹ ਬਹੁਤ ਨੇਕ ਇਨਸਾਨ ਸੀ ਅਤੇ ਗਰੀਬਾਂ ਦੀ ਮੱਦਦ ਕਰਨ ਕਰਕੇ ਉਸ ਇਲਾਕੇ ਵਿੱਚ ਬਹੁਤ ਹੀ ਹਰਮਨ ਪਿਆਰਾ ਸੀ। ਲੋਕ ਉਸ ਦੇ ਗੀਤ ਗਾ ਕੇ ਫ਼ਖਰ ਮਹਿਸੂਸ ਕਰਦੇ ਸਨ। ਲਾਹੌਰ ਦੇ ਮਲਕ ਦਾ ਪੁੱਤਰ ਹੈਦਰੀ ਦੂਲੇ ਦਾ ਦੋਸਤ ਸੀ। ਹੈਦਰੀ ਦੀ ਮਾਤਾ ਦਾ ਦਿਹਾਂਤ ਹੋਣ ਕਰਕੇ ਦੂਲਾ ਹੈਦਰੀ ਨੂੰ ਆਪਣੇ ਘਰ ਲੈ ਆਇਆ ਸੀ। ਦੂਲੇ ਦੀ ਮਾਤਾ ਨੇ ਦੋਹਾਂ ਦੀ ਆਪਣੇ ਪੁੱਤਰਾਂ ਵਾਂਗ ਪਾਲਣਾ ਕੀਤੀ। ਮਲਕ ਦੂਲੇ ਦੀ ਇਸ ਗੱਲ ਨੂੰ ਚੰਗਾ ਨਹੀਂ ਸਮਝਦਾ ਸੀ। ਦੂਲੇ ਨੇ ਹੈਦਰੀ ਦਾ ਵਿਆਹ ਉਸ ਇਲਾਕੇ ਦੀ ਬਹੁਤ ਖੂਬਸੂਰਤ ਲੜਕੀ ਨੂਰਾਂ ਨਾਲ ਕਰਵਾ ਦਿੱਤਾ। ਮਲਕ ਦੀ ਦੁਸ਼ਮਣੀ ਦੂਲੇ ਨਾਲ ਸਿਖਰਾਂ ਤੇ ਜਾ ਪੁੱਜੀ। ਆਖੀਰ ਦੂਲੇ ਅਤੇ ਮਲਕ ਦੀ ਲੜਾਈ ਹੋਈ। ਇਸ ਲੜਾਈ ਵਿਚ ਮਲਕ, ਹੈਦਰੀ ਅਤੇ ਨੂਰਾਂ ਦੀ ਮੌਤ ਹੋ ਗਈ ਪਰੰਤੂ ਅੰਤ ਦੂਲੇ ਦੀ ਜਿੱਤ ਹੋਈ। ਦੂਲਾ ਹਰਮਨ ਪਿਆਰਾ ਹੋਣ ਕਰਕੇ ਉਸ ਇਲਾਕੇ ਨੂੰ ਦੂਲੇ ਦੀ ਬਾਰ ਕਿਹਾ ਜਾਣ ਲਗ ਪਿਆ। ਵਿਆਹ ਸ਼ਾਦੀਆਂ ਵੇਲੇ ਦੂਲੇ ਦੀ ਬਾਰ ਦੇ ਗੀਤ ਗਾਏ ਜਾਣ ਲੱਗ ਪਏ ਜਿਵੇਂ ਵਿਆਹ ਤੋ ਬਾਅਦ ਲੜਕੀ ਅਤੇ ਲੜਕਾ ਕੰਗਣਾ ਖੇਡਦੇ ਹਨ। ਇਹ ਗੀਤ ਗਾਇਆ ਜਾਂਦਾ ਸੀ:- "ਦੂਲੇ ਦੀ ਬਾਰ ਤੋਂ ਸੀ ਆਇਆ ਮੰਗਣਾ, ਨੈਣ ਪਾਵੇ ਪਾਨੀ ਮੁੰਡਾ ਖੇਡੇ ਕੰਗਣਾ," ਆਦਿ।

ਤਲਵੰਡੀ ਦਾ ਨਾਮ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਸ਼੍ਰੀ ਨਨਕਾਣਾ ਸਾਹਿਬ ਪਿਆ। ਤਲਵੰਡੀ ਤੋਂ 8 ਚੱਕ ਵੱਲ ਨੂੰ ਜਾਣ ਵਾਲੀ ਸੜਕ ਦੇ ਨਾਲ ਪਹਿਲਾ ਪਿੰਡ ਬਟੂਆਣਾ ਆਉਂਦਾ ਹੈ। ਇਸ ਤੋਂ ਅੱਗੇ ਵੱਡੀ ਨਹਿਰ ਆਉਂਦੀ ਹੈ। ਜੋ ਕਿ ਅੰਗਰੇਜ਼ਾਂ ਨੇ ਬਣਾਈ ਸੀ ਅਤੇ ਇਸ ਸਾਰੇ ਇਲਾਕੇ ਨੂੰ ਸਿੰਜਦੀ ਹੈ। ਨਹਿਰ ਨੂੰ ਪਾਰ ਕਰਨ ਤੋਂ ਬਾਅਦ ਪਿੰਡ ਕਿਆਮਤੀਆਣਾ ਆਉਂਦਾ ਹੈ। ਇਸ ਪਿੰਡ ਤੋਂ ਅੱਗੇ ਜਾ ਕੇ ਉਹ ਇਲਾਕਾ ਆਉਂਦਾ ਹੈ ਜਿਸਨੂੰ ਦੁਆਬੇ ਪੁਆਧ ਅਤੇ ਗੁਰਦਾਸਪੁਰ ਦੇ ਇਲਾਕੇ ਤੋਂ ਜਾਂ ਕੇ ਸੈਣੀ ਭਾਈਚਾਰੇ ਨੇ ਮਿਹਨਤ ਕਰਕੇ ਜੰਗਲਾਂ ਨੂੰ ਸਾਫ਼ ਕਰਕੇ ਅਤੇ ਟਿੱਬਿਆਂ ਨੂੰ ਬਰਾਬਰ ਕਰਕੇ ਇਕ ਬੰਜਰ ਜ਼ਮੀਨ ਤੋਂ ਉਪਜਾਊ ਜ਼ਮੀਨ ਵਿੱਚ ਬਦਲਿਆ। ਸਖ਼ਤ ਮਿਹਨਤ ਕਰਨ ਕਰਕੇ ਇਹ ਇਲਾਕਾ ਖੁਸ਼ਹਾਲ ਹੋ ਗਿਆ। ਖੇਤੀਬਾੜੀ ਬਹੁਤ ਹੋਣ ਲੱਗੀ। ਇੱਥੇ ਨਹਿਰ ਦੇ ਮੋਘਿਆਂ ਦੇ ਨਾਵਾਂ ਨਾਲ ਪਿੰਡ ਵਸੇ। ਇਹ ਅੱਠ ਪਿੰਡ ਸੈਣੀ ਭਾਈਚਾਰੇ ਨੇ ਵਸਾਏ ਸਨ ਅਤੇ ਵੱਧ ਆਬਾਦੀ ਸੈਣੀ ਭਾਈਚਾਰੇ ਦੀ ਸੀ। ਇਹਨਾਂ ਵਿੱਚ 4 ਚੱਕ 5 ਚੱਕ, 6 ਚੱਕ, 7 ਚੱਕ, 8 ਚੱਕ, ਭੋਲੇ ਚੱਕ (ਚੱਕ ਨੰਬਰ 178), 179 ਚੱਕ ਜਿਸ ਨੂੰ ਨੌਧੇ ਦਾ ਚੱਕ ਵੀ ਆਖਦੇ ਸਨ ਅਤੇ 9 ਚੱਕ ਇਸ ਵਿੱਚ ਰਾਂਈਆਂ ਦੀ ਆਬਾਦੀ ਵੀ ਸੀ ਅਤੇ ਇੱਕ ਪਿੰਡ 14 ਚੱਕ ਸੀ ਜੋ ਕਿ ਵਿਰਕਾਂ ਦਾ ਸੀ। ਸੈਣੀ ਭਾਈਚਾਰੇ ਦੀ ਆਬਾਦੀ ਜ਼ਿਆਦਾ ਹੋਣ ਕਰਕੇ ਅਤੇ ਖੁਸ਼ਹਾਲੀ ਕਰਕੇ ਇਸ ਇਲਾਕੇ ਦਾ ਨਾਮ ਸੈਣੀਆਂ ਦੀ ਬਾਰ ਪੈ ਗਿਆ। ਇਲਾਕੇ ਦੀ ਲੋੜ ਨੂੰ ਸਮਝਦੇ ਹੋਏ ਅਗਾਂਹਗਧੂ ਖ਼ਿਆਲਾਂ ਦੇ ਸੈਣੀ ਭਾਈਚਾਰੇ ਨੇ ਇੱਕ ਡੂੰਘੀ ਸੋਚ ਨਾਲ ਸਿੱਖਿਆ ਨੂੰ ਤਰਜੀਹ ਦਿੱਤੀ ਅਤੇ ਸ. ਲਛਮਣ ਸਿੰਘ ਸੈਣੀ ਨੇ ਸਾਰੇ ਭਾਈਚਾਰੇ ਦੀ ਸਲਾਹ ਨਾਲ 1916 ਵਿੱਚ ਚੱਕ ਨੰਬਰ 8 ਵਿੱਚ ਛੱਪੜ ਦੇ ਕਿਨਾਰੇ ਇੱਕ ਸਕੂਲ ਦੀ ਸੁਰੂਆਤ ਕੀਤੀ। ਇਥੇ ਪਹਿਲੀ ਜਮਾਤ ਪਿੱਪਲ ਦੇ ਥੱਲੇ ਨਵੰਬਰ, 1916 ਵਿੱਚ ਲੱਗੀ। ਅਗਲੇ ਸਾਲ ਦੂਸਰੀ ਫਿਰ ਤੀਸਰੀ ਅਤੇ ਇਸ ਤਰ੍ਹਾਂ ਨਾਲ ਇਹ ਸਕੂਲ ਪੰਜਵੀ ਤੱਕ ਬਣ ਗਿਆ। ਇਲਾਕੇ ਦੇ ਇੱਕ ਦਾਨੀ ਸੱਜਣ ਦੂਲੋ ਰਾਮ ਭਗਤ ਸੈਣੀ ਨੇ ਆਪਣੀ 8 ਏਕੜ ਜ਼ਮੀਨ ਸਕੂਲ ਨੂੰ ਦਾਨ ਕਰ ਦਿੱਤੀ ਅਤੇ ਇਸ ਸਕੂਲ ਦਾ ਨਾਮ ਚੱਕ ਨੰਬਰ 7 ਸੈਣੀ ਬਾਰ ਹਾਈ ਸਕੂਲ ਰੱਖਿਆ ਗਿਆ ਅਤੇ ਨਾਲ ਹੀ ਇੱਕ ਹਸਪਤਾਲ ਵੀ ਖੋਲ੍ਹਿਆ ਗਿਆ। ਸਕੂਲ ਦੀ ਇਮਾਰਤ ਇੱਕ ਆਲੀਸ਼ਾਨ ਇਮਾਰਤ ਵਿੱਚ ਬਦਲ ਗਈ। ਮੁਰੱਬਿਆਂ ਦੇ ਹਿਸਾਬ ਨਾਲ ਦਾਨ ਇਕੱਠਾ ਕੀਤਾ ਗਿਆ। ਵਿਰਕ ਭਾਈਚਾਰੇ ਨੇ ਵੀ ਲੋੜ ਸਮਝਦੇ ਹੋਏ ਦਾਨ ਦਿੱਤਾ। ਉੱਥੇ ਦੇ ਆਦਿ ਵਾਸੀ ਜਿਨ੍ਹਾਂ ਨੂੰ ਜਾਂਗਲੀ ਕਿਹਾ ਜਾਂਦਾ ਸੀ ਉਨ੍ਹਾਂ ਨੇ ਵੀ ਦਿਲ ਖੋਲ੍ਹ ਕੇ ਦਾਨ ਦਿੱਤਾ। ਇਸ ਤਰ੍ਹਾਂ ਇਹ ਸਕੂਲ ਸੈਣੀ ਭਾਈਚਾਰੇ ਦੀ ਇੱਕ ਵਿਰਾਸਤ ਵਜੋਂ ਉਭੱਰਿਆ। 1947 ਤੋਂ ਬਾਅਦ ਇਸ ਵਿਰਾਸਤ ਨੂੰ ਸੰਭਾਲਦੇ ਹੋਏ ਇਹ ਸਕੂਲ ਇਲਾਕੇ ਦੇ ਸੈਣੀ ਭਾਈਚਾਰੇ ਨੇ ਪਿੰਡ ਬੁਲ੍ਹੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਖੋਲ੍ਹਿਆ। ਅੱਜ ਇਹ ਸਕੂਲ 'ਦੀ ਚੱਕ ਨੰਬਰ 7 ਸੈਣੀ ਬਾਰ ਹਾਈ ਸਕੂਲ ਬੁਲ੍ਹੋਵਾਲ' ਦੇ ਨਾਮ ਨਾਲ ਸ਼ਸ਼ੋਬਤ ਹੈ। ਇਹ

ਹੁਣ ਵਧ ਫੁੱਲ ਕੇ ਚਾਰ ਅਦਾਰਿਆਂ ਵਿੱਚ ਫੈਲਿਆ ਹੋਇਆ ਹੈ। ਇਸ ਦੇ ਪ੍ਰਧਾਨ ਸ. ਅਜਵਿੰਦਰ ਸਿੰਘ ਜੀ ਤਨ, ਮਨ ਅਤੇ ਧਨ ਨਾਲ ਸੇਵਾ ਕਰ ਰਹੇ ਹਨ। ਮੈਨੂੰ ਵੀ ਵਾਈਸ ਪ੍ਰਧਾਨ ਦੇ ਤੌਰ ਤੇ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਸੰਸਥਾ ਵਲੋਂ 24 ਦਸੰਬਰ, 2016 ਨੂੰ ਸੈਣੀਬਾਰ ਵਿਦਿਅਕ ਅਦਾਰਿਆਂ ਦੀ 100ਵੀਂ ਵਰ੍ਹੇ ਗੰਢ ਮਨਾਈ ਗਈ। ਦਾਸ ਆਪਜੀ ਨੂੰ ਸਕੂਲ ਦੀ 100ਵੀਂ ਵਰ੍ਹੇ ਗੰਢ ਮਨਾਉਣ ਉੱਤੇ ਸਾਰੇ ਭਾਈਚਾਰੇ ਅਤੇ ਸਹਿਯੋਗੀ ਸੱਜਣਾਂ ਨੂੰ ਲੱਖ-ਲੱਖ ਵਧਾਈ ਦਿੰਦਾ ਹੈ ਅਤੇ ਇਸ ਵਿਰਾਸਤ ਨੂੰ ਵੱਧਣ-ਫੁੱਲਣ ਦੀ ਕਾਮਨਾ ਕਰਦਾ ਹੈ।

ਵਾਇਸ ਪ੍ਰਧਾਨ, ਸੈਣੀ ਬਾਰ ਐਜੂਕੇਸ਼ਨਲ ਕਮੇਟੀ,
ਬੁਲ੍ਹੋਵਾਲ, ਜ਼ਿਲ੍ਹਾ ਹੁਸ਼ਿਆਰਪੁਰ
ਮੋ: 98141-39005

## ਸ. ਬਲਵੰਤ ਸਿੰਘ ਸਨੇਹੀ ਦਾ ਵਿਛੋੜਾ

ਸੈਣੀ ਬਰਾਦਰੀ ਦਾ ਜਾਣਿਆ-ਪਹਿਚਾਣਿਆ ਲੇਖਕ ਸ਼ ਬਲਵੰਤ ਸਿੰਘ ਸਨੇਹੀ, ਮਲਹੋਤਰਾ ਕਲੋਨੀ ਨਿਵਾਸੀ, ਜ਼ਿਲ੍ਹਾ ਲਿਖਾਰੀ ਸਭਾ ਰੂਪਨਗਰ ਦੇ ਸੀਨੀਅਰ ਮੈਂਬਰ ਸਨ, ਅਚਾਨਕ ਵਿਛੋੜਾ ਦੇ ਗਏ ਹਨ। ਸ਼੍ਰੀ ਸਨੇਹੀ ਸਮਾਜਿਕ, ਧਾਰਮਿਕ ਤੇ ਬਾਲ-ਸਾਹਿਤ ਨਾਲ ਸਬੰਧਤ ਸਾਹਿਤ ਰਚਦੇ ਰਹੇ ਹਨ ਤੇ ਉਹਨਾਂ ਦੀਆਂ ਦੋ ਪੁਸਤਕਾਂ ਵੀ ਪ੍ਰਕਾਸ਼ਿਤ ਹੋਈਆਂ ਹਨ। ਉਸ ਦੀਆਂ ਰਚਨਾਵਾਂ ਪ੍ਰਸਿੱਧ ਪੰਜਾਬੀ ਪੱਤਰਕਾਵਾਂ ਵਿਚ ਛਪਦੀਆਂ ਰਹੀਆਂ ਹਨ। ਇਨ੍ਹਾਂ ਦੀਆਂ ਕਹਾਣੀਆਂ ਸਮਾਜਿਕ ਸਰੋਕਾਰਾਂ ਵਾਲੀਆਂ ਹੁੰਦੀਆਂ ਸਨ। ਉਹ



ਰੂਪਨਗਰ ਦੀ ਜਾਣੀ ਪਹਿਚਾਣੀ ਸਖਸ਼ੀਅਤ ਲਿਖਾਰੀ ਸਭਾ ਦੇ ਸਾਬਕਾ ਪ੍ਰਧਾਨ ਸ. ਬਖਤਾਵਰ ਸਿੰਘ ਸੇਵਕ ਦੇ ਵੱਡੇ ਲੜਕੇ ਸਨ। ਰੂਪਨਗਰ ਦੀ ਜ਼ਿਲ੍ਹਾ ਲਿਖਾਰੀ ਸਭਾ ਨੂੰ ਪੈਰਾਂ ਸਿਰ ਕਰਨ ਲਈ ਸ਼੍ਰੀ ਸੇਵਕ ਦਾ ਵੱਡਾ ਯੋਗਦਾਨ ਹੈ। ਮਿਤੀ 13 ਫਰਵਰੀ, 2017 ਨੂੰ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਰੂਪਨਗਰ ਵਿੱਚ ਸ਼੍ਰੀ ਸਨੇਹੀ ਨਮਿਤ ਹੋਈ ਅੰਤਿਮ ਅਰਦਾਸ ਮੌਕੇ ਉਹਨਾਂ ਦੇ ਰਿਸ਼ਤੇਦਾਰਾਂ, ਨਿਕਟਵਰਤੀਆਂ ਤੇ ਸਾਹਿਤਕਾਰਾਂ ਵੱਲੋਂ ਸ਼ਰਧਾਂਜਲੀ ਭੇਟਾ ਕੀਤੀ ਗਈ। ਸੈਣੀ ਭਵਨ ਰੂਪਨਗਰ ਸ਼੍ਰੀ ਬਲਵੰਤ ਸਿੰਘ ਸਨੇਹੀ ਦੇ ਸਵਰਗ ਸਿਧਾਰਨ ਤੇ ਅਤਿ ਦੁੱਖ ਪ੍ਰਗਟ ਕਰਦਾ ਹੈ।

## ਅੰਤਰਰਾਸ਼ਟਰੀ ਸਖਸ਼ੀਅਤ ਬਣਿਆ ਸਤਿੰਦਰ ਸਰਤਾਜ



ਸੰਯੁਕਤ ਰਾਸ਼ਟਰ ਦੇ ਨਸ਼ਿਆਂ ਬਾਰੇ ਦਫਤਰ ਨੇ ਮਨੁੱਖੀ ਤਸਕਰੀ ਵਿਰੋਧੀ ਆਪਣੀ ਇਕ ਮੁਹਿੰਮ ਲਈ ਸੈਣੀ ਬਰਾਦਰੀ ਦੇ ਲੋਕ ਗਾਇਕ ਸਤਿੰਦਰ ਸਰਤਾਜ ਨੂੰ ਜੋੜਿਆ ਹੈ। ਇਸ ਮੁਹਿੰਮ ਨਾਲ ਏ ਆਰ ਰਹਿਮਾਨ ਅਤੇ ਸੋਨੂੰ ਨਿਗਮ ਵਰਗੇ ਹੋਰ ਪ੍ਰਸਿੱਧ ਸੰਗੀਤਕਾਰ ਵੀ ਜੁੜੇ ਹੋਏ ਹਨ। ਇਸ ਮੁਹਿੰਮ ਦਾ ਮੰਤਵ 'ਮਿਊਜ਼ਿਕ ਟੂ ਇਨਸਪਾਇਰ' ਐਲਬਮ ਰਾਹੀਂ ਇਸ ਗੈਰ ਕਾਨੂੰਨੀ ਗਤੀਵਿਧੀ ਵਿਰੁੱਧ ਜਾਗਰੂਕਤਾ ਫੈਲਾਉਣਾ ਹੈ। ਇਸ ਐਲਬਮ ਵਿੱਚ ਵਿਸ਼ਵ ਪ੍ਰਸਿੱਧ ਕਲਾਕਾਰ ਜੋਸਸ ਟੋਨ, ਜੈਕ ਐਟਨਾਂਟਿਸ, ਸਟੀਵ ਲੰਡਨ ਅਤੇ ਲੀ ਇੰਗਲੈਂਡ ਵਰਗੇ ਕਲਾਕਾਰਾਂ ਦੇ ਗੀਤ ਵੀ ਸ਼ਾਮਲ ਹਨ। ਸਤਿੰਦਰ ਸਰਤਾਜ ਦਾ ਇਸ ਅੰਤਰਰਾਸ਼ਟਰੀ ਸੰਗਠਨ ਦਾ ਹਿੱਸਾ ਬਣਨਾ ਸੈਣੀ ਬਰਾਦਰੀ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਇਸ ਪਹਿਲਕਦਮੀ ਬਾਰੇ 34 ਸਾਲਾ ਗਾਇਕ ਸਰਤਾਜ ਨੇ ਕਿਹਾ ਕਿ ਇਹ ਮੁਹਿੰਮ ਮਨੁੱਖੀ ਤਸਕਰੀ ਦਾ ਸ਼ਿਕਾਰ ਬਣਨ ਵਾਲਿਆਂ ਦੀ ਮਾੜੀ ਹਾਲਤ ਅਤੇ ਇਸ ਕਾਰੋਬਾਰ ਨਾਲ ਜੁੜੇ ਲੋਕਾਂ ਦੇ ਬੇਰਹਿਮ ਸੁਭਾਅ ਨੂੰ ਦਰਸਾਉਂਦੀ ਹੈ। ਸਰਤਾਜ ਨੇ ਕਿਹਾ ਕਿ "ਅਸੀਂ ਨੌਜਵਾਨਾਂ ਦੀਆਂ ਲੋੜਾਂ, ਉਨ੍ਹਾਂ ਦੇ ਕੁਦਰਤੀ ਹੁਨਰ ਨੂੰ ਤਰਾਸ਼ਣ ਅਤੇ ਉਨਾਂ ਨੂੰ ਸਬੰਧਤ ਖੇਤਰਾਂ ਵਿੱਚ ਅੱਗੇ ਵਧਣ ਦੇ ਯੋਗ ਹੋਣ ਲਈ ਮੌਕੇ ਦੇਣ ਦੀ ਲੋੜ ਪ੍ਰਤੀ ਆਪਣੇ ਆਪ ਨੂੰ ਸਮਰਪਿਤ ਕਰਦੇ ਹਾਂ"। ਦੁਨੀਆ ਭਰ ਵਿੱਚ 3 ਕਰੋੜ ਗੁਲਾਮ ਮਨੁੱਖੀ ਤਸਕਰੀ ਅਧੀਨ ਰਹਿ ਰਹੇ ਹਨ ਅਤੇ ਇਨ੍ਹਾਂ ਵਿੱਚੋਂ 80 ਫ਼ੀਸਦੀ ਔਰਤਾਂ ਹਨ। ਇਹ ਐਲਬਮ ਯੂਐਨ ਦਫ਼ਤਰ ਵਿੱਚ ਜਨਰਲ ਅਸੈਂਬਲੀ ਦੇ ਐਚਈ ਪ੍ਰਧਾਨ ਥੌਮਸਨ ਨੇ ਰੀਲੀਜ਼ ਕੀਤੀ।

## ਇੰਜ. ਕਰਨੈਲ ਸਿੰਘ ਨੂੰ ਵਧਾਈ

ਸੈਣੀ ਭਵਨ ਦੇ ਵਾਇਸ ਪ੍ਰਧਾਨ ਇੰਜ. ਕਰਨੈਲ ਸਿੰਘ ਨੂੰ ਆਲ ਇੰਡਿਆ ਸੀਨੀਅਰ ਸਿਟੀਜ਼ਨਜ਼ ਕਨਫੈਡਰੇਸ਼ਨ ਵਲੋਂ ਬਤੌਰ ਪ੍ਰਧਾਨ ਸੀਨੀਅਰ ਸਿਟੀਜ਼ਨਜ ਕੌਂਸਲ ਰੂਪਨਗਰ ਕੌਂਸਲ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਨਿਊਜ ਲੈਟਰ ਨੂੰ ਦੇਸ਼ ਦਾ ਬੈਂਸਟ ਹਾਊਸ ਜਰਨਲ ਦਾ ਅਵਾਰਡ ਮਿਲਣ ਦੀ ਲੱਖ ਲੱਖ ਵਧਾਈ ਹੋਵੇ। ਇਸ ਪ੍ਰਾਪਤੀ ਲਈ ਇੰਜ. ਕਰਨੈਲ ਸਿੰਘ ਨੂੰ 26 ਜਨਵਰੀ 2017 ਨੂੰ ਜ਼ਿਲ੍ਹਾ ਪ੍ਰਸਾਸ਼ਨ ਰੂਪਨਗਰ ਵੱਲੋਂ ਵੀ ਸਨਮਾਨਿਤ ਕੀਤਾ ਗਿਆ।

## ਸੁਰਿੰਦਰ ਕੌਰ ਸੈਣੀ ਨੂੰ ਵਧਾਈ

ਅਦਾਰਾ ਸੈਣੀ ਭਵਨ ਦੇ ਪ੍ਰਬੰਧਕ ਰੂਪਨਗਰ ਸ਼ਹਿਰ ਦੀ ਸਾਹਿਤਕਾਰਾ ਸੁਰਿੰਦਰ ਕੌਰ ਸੈਣੀ ਨੂੰ ਉਨ੍ਹਾਂ ਦੇ ਕਾਵਿ ਸੰਗ੍ਰਹਿ 'ਮਿੱਤਰ ਪਿਆਰੇ ਨੂੰ ਦੇ ਪ੍ਰਕਾਸ਼ਨ ਤੇ ਲੱਖ ਲੱਖ ਵਧਾਈ ਦਿੰਦੇ ਹਨ।

ਤਿਮਾਹੀ ਜਨਵਰੀ-ਮਾਰਚ 2017 ਦੌਰਾਨ

# ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ



ਬਲਬੀਰ ਸਿੰਘ ਸੈਣੀ
ਜਨਰਲ ਸਕੱਤਰ

## 7ਵਾਂ ਖ਼ੂਨਦਾਨ ਕੈਂਪ :

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਵਲੋਂ ਸਮਾਜ ਸੇਵਾ ਦੇ ਪ੍ਰੋਗਰਾਮ ਤਹਿਤ ਹਰ ਸਾਲ ਲੌੜਵੰਦਾਂ ਦੀ ਮਦਦ ਲਈ ਦੋ ਖ਼ੂਨਦਾਨ ਕੈਂਪ ਲਗਾਏ ਜਾਂਦੇ ਹਨ। ਇਸ ਲੜੀ ਅਧੀਨ 28 ਦਸੰਬਰ ਨੂੰ ਸੈਣੀ ਭਵਨ ਵਿਖੇ ਨਵੇਂ ਸਾਲ 2017 ਨੂੰ ਜੀ ਆਇਆ ਕਹਿਣ ਲਈ 7ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ 'ਚ 55 ਵਿਅਕਤੀਆਂ ਨੇ ਖ਼ੂਨਦਾਨ ਕੀਤਾ।ਰੋਟਰੀ ਕਲੱਬ ਅਤੇ ਲਾਇਫ ਲਾਇਨ ਬਲੱਡ ਡੋਨਰ ਸੁਸਾਇਟੀ ਰੂਪਨਗਰ ਦੇ ਸਹਿਯੋਗ ਨਾਲ ਲਗਾਏ ਗਏ ਇਸ ਕੈਂਪ ਦੌਰਾਨ ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਦੀ ਡਾ. ਮੁਨੀਸ਼ ਦੀ ਅਗਵਾਈ ਵਿੱਚ ਆਈ ਟੀਮ ਨੇ ਖ਼ੂਨ ਇਕੱਤਰਤ ਕੀਤਾ। ਕੈਂਪ ਦਾ ਉਦਘਾਟਨ ਰੂਪਨਗਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ਼੍ਰੀ ਕਰਨੇਸ਼ ਸ਼ਰਮਾ ਨੇ ਕੀਤਾ। ਉਨ੍ਹਾਂ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਮਾਨਵਤਾ ਦੀ ਭਲਾਈ ਲਈ ਖ਼ੂਨਦਾਨ ਕਰਨ ਵਰਗੇ ਨੇਕ ਕਾਰਜ ਲਈ ਵਧਾਈ ਦਿੱਤੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੈਣੀ ਭਵਨ ਰੂਪਨਗਰ ਵਰਗੀਆਂ ਸਵੈਇਛੱਕ ਸੰਸਥਾਵਾਂ ਵੱਖ ਵੱਖ ਤਰ੍ਹਾਂ ਦੇ ਲੋਕ ਸੇਵਾ ਦੇ ਕੰਮ ਕਰਕੇ ਸਰਕਾਰ ਦੀ ਬਹੁਤ ਵੱਡੀ ਮਦਦ ਕਰ ਰਹੀਆਂ ਹਨ। ਇਸ ਮੌਕੇ ਰੂਪਨਗਰ ਸ਼ਹਿਰ ਦੇ ਸਮਾਜਸੇਵੀ ਡਾ. ਆਰ. ਐਸ. ਪਰਮਾਰ ਨੇ ਕਿਹਾ ਕਿ ਸੈਣੀ ਭਵਨ ਦੇ ਸੰਥਾਪਕ ਚੇਅਰਮੈਨ ਐਲ. ਆਰ. ਮੁੰਦਰਾ ਨੇ ਸ਼ਹਿਰ ਵਾਸੀਆਂ ਨੂੰ ਲੋਕਸੇਵਾ ਕਰਨ ਦਾ ਰਾਹ ਵਿਖਾਇਆ ਹੈ। ਇਨ੍ਹਾਂ ਦੀ ਬਦੌਲਤ ਹੀ ਅੱਜ ਸੈਣੀ ਭਵਨ ਰੂਪਨਗਰ ਸਮਾਜ ਸੇਵਾ ਦੇ ਖੇਤਰ 'ਚ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ। ਇਸ ਮੌਕੇ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਕਿਹਾ ਸੈਣੀ ਭਵਨ ਨੂੰ ਇਸ ਗੱਲ ਦਾ ਮਾਣ ਹੈ ਕਿ ਇਹ ਸੰਸਥਾ ਨਿਸ਼ਕਾਮ ਸੇਵਾ ਭਾਵ ਨਾਲ ਲੋਕ ਸੇਵਾ ਨੂੰ ਸਪਰਪਿਤ ਹੋਕੇ ਆਪਣਾ ਕਾਰਜ ਕਰ ਰਹੀ ਹੈ। ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ ਨੇ ਸੰਸਥਾ ਦੇ ਚੇਅਰਮੈਨ ਐਲ.ਆਰ. ਮੁੰਦਰਾ ਅਤੇ ਸਮੁੱਚੀ ਮੈਨੇਜਿੰਗ ਕਮੇਟੀ ਵਲੋਂ ਡਿਪਟੀ ਕਮਿਸ਼ਨਰ ਅਤੇ ਆਏ ਮਹਿਮਾਨਾਂ ਤੇ ਖ਼ੂਨਦਾਨੀਆਂ ਦਾ ਸਵਾਗਤ ਅਤੇ ਧੰਨਵਾਦ ਕੀਤਾ।

ਖ਼ੂਨਦਾਨ ਕੈਂਪ ਦੇ ਆਯੋਜਿਨ ਵਿੱਚ ਮਹਤੱਵਪੂਰਨ ਭੂਮਿਕਾ ਨਿਭਾਉਣ ਵਾਲੇ ਬਲੱਡ ਡੋਨਰ ਸ. ਦਲਜੀਤ ਸਿੰਘ ਅਤੇ ਉਨ੍ਹਾਂ ਦੇ ਸਪੁੱਤਰ ਚਰਨਦੀਪ ਸਿੰਘ ਚੈਰੀ ਦੋਵੇਂ ਪਿਤਾ ਪੁਤੱਰ ਨੇ ਵੀ ਖ਼ੂਨਦਾਨ ਕੀਤਾ ਅਤੇ ਸ. ਦਲਜੀਤ ਸਿੰਘ ਦੇ ਛੋਟੇ ਪੁੱਤਰ ਨੇ ਖ਼ੂਨਦਾਨੀਆਂ ਨੂੰ ਖਾਣ-ਪਲਾਉਣ ਦੀ ਸੇਵਾ ਨਿਭਾਈ।ਨਵੇਂ ਸਾਲ 2017 ਨੂੰ ਸਪਰਪਿਤ ਖ਼ੂਨਦਾਨ ਕੈਂਪ 'ਚ ਦੋ ਲੜਕੀਆਂ ਨੇ ਵੀ ਖ਼ੂਨਦਾਨ ਕੀਤਾ। ਕੈਂਪ 'ਚ ਤਰਸੇਮ ਸੈਣੀ ਨੰਗਲ ਨੇ 78ਵੀਂ ਵਾਰ, ਗੁਰਵਿੰਦਰ ਸਿੰਘ ਨੇ 30ਵੀਂ ਵਾਰ, ਦਲਜੀਤ ਸਿੰਘ ਨੇ 28ਵੀਂ ਵਾਰ ਤੇ ਜਸਬੀਰ ਸਿੰਘ ਨੇ 26ਵੀਂ ਵਾਰ ਖ਼ੂਨਦਾਨ ਕੀਤਾ ਅਤੇ ਸੰਸਥਾ ਵਲੋਂ ਇਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ। ਹਾਈ ਕੋਰਟ ਦੇ ਵਕੀਲ ਅਮਿਤ ਵਰਮਾ ਚੰਡੀਗੜ੍ਹ ਤੋਂ ਖ਼ੂਨਦਾਨ ਕਰਨ ਲਈ ਵਿਸ਼ੇਸ਼ ਤੌਰ ਤੇ ਆਏ ਤੇ ਉਨ੍ਹਾਂ ਕੈਂਪ 'ਚ ਸਭ ਤੋਂ ਪਹਿਲਾਂ ਖ਼ੂਨਦਾਨ ਕੀਤਾ। ਕੈਂਪ ਨੂੰ ਸਫਲ ਬਣਾਉਣ ਲਈ ਲਾਇਫ ਲਾਇਨ ਬਲੱਡ ਡੋਨਰ ਸੁਸਾਇਟੀ ਦੇ ਪ੍ਰਧਾਨ ਬਾਬਾ ਕਮਲਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਬਲੱਡ ਡੋਨਰਜ਼ ਵਲੋਂ ਵਿਸ਼ੇਸ਼ ਯੋਗਦਾਨ ਪਾਇਆ ਗਿਆ।

ਇਸ ਮੌਕੇ ਤੇ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੀਆਂ 31 ਸੰਸਥਾਵਾਂ ਜੋ ਖ਼ੂਨਦਾਨ ਕੈਂਪ ਲਗਾਕੇ ਸਮਾਜ ਸੇਵਾ ਦੇ ਕਾਰਜ ਵਿੱਚ ਵੱਡਾ ਯੋਗਦਾਨ ਪਾ ਰਹੀਆਂ ਹਨ ਉਨ੍ਹਾਂ ਨੂੰ ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਵਲੋਂ ਵਿਸ਼ੇਸਂ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ। ਜਿਨ੍ਹਾਂ ਵਿੱਚ ਪ੍ਰਮੁੱਖ ਤੌਰ ਤੇ ਕਾਕਾ ਰਾਮ ਸੈਣੀ ਚੈਰੀਟਬਲ ਟਰੱਸਟ ਰੂਪਨਗਰ, ਆਦਰਸ਼ ਐਜ਼ੁਕੇਸ਼ਨ ਚੈਰੀਟੇਬਲ ਟਰੱਸਟ ਚਮਕੌਰ ਸਾਹਿਬ, ਪੰਜਾਬ ਆਰਟੀਜ਼ਨ ਵੈਲਫੇਅਰ ਆਰਗੇਨਾਈਜੇਸ਼ਨ, ਫਾਰਮੇਸੀ ਕਾਲਜ ਬੇਲਾ, ਸਿੱਖ ਸਟੂਡੈਂਟ ਫੈਡਰੇਸ਼ਨ ਗਰੇਵਾਲ, ਯੂਥ ਕਲੱਬ ਤਾਲਮੇਲ ਕਮੇਟੀ ਚਮਕੌਰ ਸਾਹਿਬ, ਜ਼ਿਲ੍ਹਾ ਬਲੱਡ ਡੋਨਰਜ਼ ਸੁਸਾਇਟੀ ਰੂਪਨਗਰ, ਜ਼ਿਲ੍ਹਾ ਯੂਥ ਕਲੱਬਜ਼ ਤਾਲਮੇਲ ਕਮੇਟੀ ਰੂਪਨਗਰ, ਨੈਸ਼ਨਲ ਫੈਡਰੇਸ਼ਨ ਆਫ ਇੰਸੋਰੈਂਸ, ਸ਼ਿਵ ਸ਼ਕਤੀ ਪ੍ਰਭਾਤ ਫੇਰੀ ਮੰਡਲੀ ਰੂਪਨਗਰ, ਰੋਟਰੀ ਕਲੱਬ ਰੂਪਨਗਰ, ਸ਼ੁਭ ਕਰਮਨ ਸੁਸਾਇਟੀ ਘਨੌਲੀ, ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਹਵੇਲੀ ਕਲਾਂ, ਨੌਜਵਾਨ ਸਭਾ ਤਾਲਾਪੁਰ, ਗੁਰਦੁਆਰਾ ਸਿੰਘ ਸਭਾ ਭਾਓਵਾਲ, ਸ਼ਹੀਦ ਭਗਤ ਸਿੰਘ ਯੂਥ ਕਲੱਬ, ਭਰਤਗੜ੍ਹ, ਸ਼੍ਰੀ ਗੁਰੂ ਰਵਿਦਾਸ ਯੂਥ ਕੱਲਬ ਸੁਰਤਾਪੁਰ ਮੰਡ, ਯੂਥ ਵੈਲਫੇਅਰ ਸਪੋਰਟਸ ਕਲੱਬ ਬੰਨ੍ਹਮਾਜਰਾ ਆਦਿ ਸ਼ਾਮਿਲ ਸਨ। ਇਸ ਮੌਕੇ ਇਨ੍ਹਾਂ ਕਲੱਬਾਂ ਦੇ ਨੁਮਾਇੰਦੇ ਅਤੇ ਰੋਟਰੀ ਕਲੱਬ ਪ੍ਰਧਾਨ ਉਸ਼ਾ ਭਾਟੀਆ, ਚੇਅਰਮੈਨ ਐਲ. ਆਰ ਮੁੰਦਰਾ ਅਤੇ ਸੈਣੀ ਭਵਨ ਦੇ ਸਮੂਹ ਟਰੱਸਟੀ ਤੇ ਮੈਂਬਰ ਹਾਜ਼ਰ ਸਨ।

## ਮੈਗਜ਼ੀਨ "ਸੈਣੀ ਸੰਸਾਰ" ਦਾ 24ਵਾਂ ਅੰਕ ਰਿਲੀਜ਼ :

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ, ਸੈਣੀ ਭਵਨ ਰੂਪਨਗਰ ਵਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਸਮਾਜਿਕ ਚੇਤਨਾ ਦੇ ਪ੍ਰਤੀਕ ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦਾ 24ਵਾਂ ਅੰਕ 28 ਦਸੰਬਰ ਨੂੰ ਜਾਰੀ ਕੀਤਾ ਗਿਆ। ਇਸ ਨੂੰ ਜਾਰੀ ਕਰਨ ਦੀ ਰਸਮ ਵੀ ਰੂਪਨਗਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ਼੍ਰੀ ਕੁਰਨੇਸ਼ ਸ਼ਰਮਾ ਨੇ ਅਦਾ ਕੀਤੀ। ਡਿਪਟੀ

ਕਮਿਸ਼ਨਰ ਨੇ ਇਸ ਮੌਕੇ ਤੇ ਬੋਲਦਿਆਂ ਸੰਸਥਾ ਵਲੋਂ ਇਸ ਮੈਗਜ਼ੀਨ ਰਾਹੀ ਸਮਾਜ ਦੇ ਲੋਕਾਂ ਨੂੰ ਗਿਆਨ ਭਰਪੂਰ ਸਾਹਿਤ ਨਾਲ ਜੋੜਣ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਸੰਸਥਾ ਵਲੋਂ ਨੌਜਵਾਨਾਂ ਖਾਸ ਕਰਕੇ ਲੜਕੀਆਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਹੋਣ ਲਈ ਤਕਨੀਕੀ ਤੌਰ ਤੇ ਸਿੱਖਿਅਤ ਕਰਨ ਅਤੇ ਆਰਥਿਕ ਪੱਖੋ ਕਮਜ਼ੋਰ ਪਰਿਵਾਰਾਂ ਦੇ ਹੋਸ਼ਿਆਰ ਬੱਚਿਆਂ ਨੂੰ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਵਜ਼ੀਫੇ ਦੇਣ ਦੇ ਪ੍ਰਬੰਧ ਕਰਨ ਲਈ ਵੀ ਵਧਾਈ ਦਿੱਤੀ। ਡਿਪਟੀ ਕਮਿਸ਼ਨਰ ਨੇ ਸੰਸਥਾ ਦੇ ਚੇਅਰਮੈਨ ਐਲ. ਆਰ. ਮੁੰਦਰਾ ਵਲੋਂ ਵੱਡੇਰੀ ਉਮਰ ਵਿੱਚ ਵੀ ਸੈਣੀ ਭਵਨ ਦਾ ਪ੍ਰਬੰਧ ਚਲਾਉਣ ਅਤੇ ਬਜ਼ੁਰਗਾਂ ਦੇ ਰਹਿਣ ਲਈ "ਆਪਣਾ ਘਰ" ਚਲਾਉਣ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਅਤੇ ਉਨ੍ਹਾਂ ਦੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ।

ਇਸ ਮੌਕੇ ਸੰਸਥਾ ਦੇ ਪ੍ਰਧਾਨ ਅਤੇ ਮੈਗਜ਼ੀਨ ਦੇ ਚੀਫ ਐਡੀਟਰ ਡਾ. ਅਜਮੇਰ ਸਿੰਘ ਤੰਬੜ ਨੇ "ਸੈਣੀ ਸੰਸਾਰ" ਮੈਗਜ਼ੀਨ ਰਾਹੀ ਲੋਕਾਂ ਨੂੰ ਪੇਸ਼ ਕੀਤੇ ਜਾਂਦੇ ਸਾਹਿਤ ਅਤੇ ਸੈਣੀ ਭਵਨ ਵਲੋਂ ਚਲਾਏ ਜਾ ਰਹੇ ਕਾਰਜ਼ਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਚੰਗਾ ਸਾਹਿਤ ਪੜ੍ਹਣ ਦੀ ਲੋੜ ਤੇ ਜ਼ੋਰ ਦਿੱਤਾ। ਇਸ ਮੌਕੇ ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਐਲ.ਆਰ. ਮੁੰਦਰਾ ਤੇ ਮੈਂਬਰਜ਼ ਡਾ. ਜਸਵੰਤ ਕੌਰ, ਗੁਰਮੁੱਖ ਸਿੰਘ ਸੈਣੀ, ਰਾਮ ਸਿੰਘ ਸੈਣੀ, ਇੰਜ. ਹਰਜੀਤ ਸਿੰਘ ਸੈਣੀ, ਕੈਪਟਨ ਹਾਕਮ ਸਿੰਘ, ਬੀ. ਐਸ. ਪਾਬਲਾ, ਗੁਰਮੁੱਖ ਸਿੰਘ ਲੌਂਗੀਆ, ਇੰਜ. ਕਰਨੈਲ ਸਿੰਘ, ਅਮਰਜੀਤ ਸਿੰਘ, ਰਾਵਿੰਦਰ ਸਿੰਘ ਮੁੰਦਰਾ, ਅਜੀਤ ਸਿੰਘ ਬਜਾਜ, ਪ੍ਰੋ. ਮਲਕੀਅਤ ਸਿੰਘ, ਸ਼ਤੀਸ਼ ਸੈਣੀ, ਰਾਜਿੰਦਰ ਸਿੰਘ, ਅਜਮੇਰ ਸਿੰਘ ਧਮੜੈਤ, ਗੁਰਚਰਨ ਸਿੰਘ, ਸੁਰਿੰਦਰ ਸਿੰਘ, ਪ੍ਰਿਤਪਾਲ ਸਿੰਘ, ਸੁਰਿੰਦਰ ਸਿੰਘ, ਹਰਦੀਪ ਸਿੰਘ ਆਦਿ ਤੋਂ ਇਲਾਵਾ ਡਾ. ਆਰ. ਐਸ. ਪਰਮਾਰ, ਉਸ਼ਾ ਭਾਟੀਆ, ਐਡਵੋਕੇਟ ਡੀ.ਐਸ. ਦਿਓਲ, ਸੁਖਵਿੰਦਰ ਸਿੰਘ ਦੇਸੂਮਾਜਰਾ, ਰੂਪਨਗਰ ਪ੍ਰੈਸ ਕਲੱਬ ਪ੍ਰਧਾਨ ਬਹਾਦਰਜੀਤ ਸਿੰਘ, ਸਪੋਰਟਸ ਅਫਸਰ ਦਰਸ਼ਨ ਸਿੰਘ, ਅਵਤਾਰ ਸਿੰਘ ਲੌਂਗੀਆ, ਦਲੀਪ ਸਿੰਘ, ਸਤਪਾਲ ਸ਼ਰਮਾ, ਜ਼ੋਰਾਵਰ ਸਿੰਘ ਬਿੱਟੂ, ਭੁਪਿੰਦਰ ਸਿੰਘ ਬਜ਼ਰੂੜ, ਸ਼ਿਵਜੀਤ ਸਿੰਘ ਮਾਣਕੂ ਆਦਿ ਹਾਜ਼ਰ ਸਨ।

### ਲੋਹੜੀ ਦਾ ਤਿਉਹਾਰ ਮਨਾਇਆ:-

ਸੈਣੀ ਭਵਨ 'ਚ ਵੱਖ ਵੱਖ ਕੋਰਸਾਂ ਦੀ ਸਿੱਖਲਾਈ ਪ੍ਰਾਪਤ ਕਰ ਰਹੀਆਂ ਲੜਕੀਆਂ ਵਲੋਂ 12 ਜਨਵਰੀ ਨੂੰ ਲੋਹੜੀ ਦਾ ਤਿਉਹਾਰ ਪੂਰੇ ਉਤਸਾਹ ਅਤੇ ਗਰਮ ਜੋਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਸਿੱਖਿਆਰਥਣਾਂ ਨੇ ਨੱਚ ਟੱਪ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ ਨੇ ਮੈਨੇਜਿੰਗ ਕਮੇਟੀ ਦੇ ਚੇਅਰਮੈਨ ਐਲ. ਆਰ. ਮੁੰਦਰਾ, ਪ੍ਰਧਾਨ ਡਾ. ਅਜਮੇਰ ਸਿੰਘ, ਜਨਰਲ ਸਕੱਤਰ ਬਲਬੀਰ ਸਿੰਘ ਅਤੇ ਸਮੂਹ ਮੈਂਬਰਾਂ ਵਲੋਂ ਸਭ ਨੂੰ ਲੋਹੜੀ ਦੀ ਵਧਾਈ ਦਿੱਤੀ ਅਤੇ ਸੁਭ ਕਾਮਨਾਵਾਂ ਭੇਟ ਕੀਤੀਆਂ। ਸੰਸਥਾ ਦੇ ਜਨਰਲ ਸਕੱਤਰ ਬਲਬੀਰ ਸਿੰਘ ਨੇ ਵੀ ਇਸ ਮੌਕੇ ਆਪਣੇ ਪੋਤੇ ਦੀ ਪਹਿਲੀ ਲੋਹੜੀ ਵੰਡੀ। ਇਸ ਮੌਕੇ ਸੰਸਥਾ ਦੇ ਟਰੱਸਟੀ ਅਜੀਤ ਸਿੰਘ ਬਜਾਜ, ਗੁਰਮੁੱਖ ਸਿੰਘ ਸੈਣੀ, ਅਮਰਜੀਤ ਸਿੰਘ, ਰਾਵਿੰਦਰ ਸਿੰਘ ਮੁੰਦਰਾ ਅਤੇ ਮੈਨੇਜਿੰਗ ਕਮੇਟੀ ਦੇ ਅਹੁੱਦੇਦਾਰ ਗੁਰਮੁੱਖ ਸਿੰਘ ਲੌਂਗੀਆ, ਇੰਜ. ਕਰਨੈਲ ਸਿੰਘ, ਬੀ. ਐਸ. ਪਾਬਲਾ, ਅਜਮੇਰ ਸਿੰਘ ਧਮੜੈਤ, ਗੁਰਚਰਨ ਸਿੰਘ, ਪ੍ਰਿਤਪਾਲ ਸਿੰਘ, ਸੁਰਿੰਦਰ ਸਿੰਘ, ਹਰਦੀਪ ਸਿੰਘ ਆਦਿ ਹਾਜ਼ਰ ਸਨ।

### ਬਜ਼ੁਰਗਾਂ ਨਾਲ ਲੋਹੜੀ ਦੀਆਂ ਖੁਸ਼ੀਆਂ ਕੀਤੀਆਂ ਸਾਂਝੀਆਂ:-

ਸਮਾਜ ਸੇਵੀ ਤੇ ਮਹਾਂਦਾਨੀ ਸੈਣੀ ਭਵਨ ਦੇ ਚੇਅਰਮੈਨ ਸ਼੍ਰੀ ਐਲ. ਆਰ. ਮੁੰਦਰਾ ਵਲੋਂ ਪਿੰਡ ਹਵੇਲੀ ਕਲਾਂ ਵਿਖੇ ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ (ਰਜਿ.) ਬਣਾ ਕੇ ਬਜ਼ੁਰਗਾਂ ਲਈ ਚਲਾਏ ਜਾ ਰਹੇ "ਆਪਣਾ ਘਰ" ਵਿਖੇ ਵੀ 13 ਜਨਵਰੀ 2017 ਨੂੰ ਬਜ਼ੁਰਗਾਂ ਨੇ ਮਿਲਕੇ ਲੋਹੜੀ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਲੋਹੜੀ ਜਲਾਉਣ ਦੀ ਰਸ਼ਮ "ਆਪਣਾ ਘਰ" ਦੇ ਫਾਊਂਡਰ ਸ਼੍ਰੀ ਐਲ. ਆਰ. ਮੁੰਦਰਾ ਨੇ ਅਦਾ ਕੀਤੀ ਅਤੇ ਉਨ੍ਹਾਂ ਇਕਤੱਰਤ ਬਜ਼ੁਰਗਾਂ ਨੂੰ ਲੋਹੜੀ ਦੀ ਵਧਾਈ ਦਿੰਦੇ ਹੋਏ ਨੌਜਵਾਨ ਪੀੜ੍ਹੀ ਨੂੰ ਜਿੰਦਗੀ ਦੀ ਹਰ ਖੁਸ਼ੀ ਆਪਣੇ ਬਜ਼ੁਰਗਾਂ ਨਾਲ ਮਿਲਕੇ ਸਾਂਝੀ ਕਰਨ ਦੀ ਅਪੀਲ ਕੀਤੀ। ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਬਜ਼ੁਰਗਾਂ ਦਾ ਸਵਾਗਤ ਕਰਦਿਆਂ ਸਮਾਜ ਦੇ ਸਮੂਹ ਬਜ਼ੁਰਗਾਂ ਦੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਆਪਣਾ ਘਰ 'ਚ ਅਜਿਹਾ ਮਹੌਲ ਸਿਰਜਿਆ ਗਿਆ ਹੈ ਜਿੱਥੇ ਇਕਲਾਪਨ ਮਹਿਸੂਸ ਕਰਨ ਵਾਲੇ ਬਜ਼ੁਰਗ ਆ ਕੇ ਪੱਕੇ ਤੌਰ ਤੇ ਰਹਿ ਸਕਦੇ ਹਨ ਜਾਂ ਫਿਰ ਦਿਨ ਸਮੇਂ ਆਪਣਾ ਖਾਲੀ ਸਮਾਂ ਬਜ਼ੁਰਗ ਸਾਥੀਆਂ ਨਾਲ ਮਿਲ ਬੈਠ ਕੇ ਬਿਤਾ ਸਕਦੇ ਹਨ। ਸੰਸਥਾ ਦੇ ਟਰੱਸਟੀ ਰਾਵਿੰਦਰ ਸਿੰਘ ਮੁੰਦਰਾ ਨੇ ਲੋਹੜੀ ਸਮਾਗਮ 'ਚ ਸ਼ਿਰਕਤ ਕਰਨ ਵਾਲੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸੀਨੀਅਰ ਸਿਟੀਜ਼ਨਜ਼ ਕੌਂਸਲ ਰੂਪਨਗਰ ਦੇ ਪ੍ਰਧਾਨ ਇੰਜ. ਕਰਨੈਲ ਸਿੰਘ ਤੋਂ ਇਲਾਵਾ ਬੀ.ਐਸ. ਪਾਬਲਾ, ਅਜਮੇਰ ਸਿੰਘ ਧਮੜੈਤ, ਗੁਰਚਰਨ ਸਿੰਘ, ਪ੍ਰੋ. ਮਲਕੀਅਤ ਸਿੰਘ, ਅਮਰਜੀਤ ਸਿੰਘ, ਦਰਸ਼ਨ ਜੈਨ, ਵਿਨੋਦ ਜੈਨ, ਐਮ.ਸੀ ਸ਼ਰਮਾ, ਗੁਰਦਾਸ ਸਿੰਘ, ਦੇਵ ਰਾਜ, ਰਾਮੇਸ਼ ਗਰੋਵਰ, ਸੰਗਤ ਸਿੰਘ, ਹਰਜਿੰਦਰ ਸਿੰਘ, ਰਾਜਿੰਦਰ ਸਿੰਘ, ਐਸ.ਐਮ ਸਿੰਘ ਆਦਿ ਵੀ ਹਾਜ਼ਰ ਸਨ।

ਫੋਟੋ:-ਆਪਣਾ ਘਰ ਵਿਖੇ ਬਜ਼ੁਰਗ ਲੋਹੜੀ ਮਨਾਉਂਦੇ ਹੋਏ।

### ਨਵੇਂ ਸਾਲ 'ਤੇ ਖੁਸ਼ੀਆਂ ਸਾਂਝੀਆਂ ਕੀਤੀਆਂ:-

ਸੈਣੀ ਭਵਨ ਰੂਪਨਗਰ ਦੀ ਮਨੈਜਿੰਗ ਕਮੇਟੀ ਦੇ ਸਮੂਹ ਮੈਂਬਰਾਂ ਨੇ ਆਪਣੇ ਨਿੱਜੀ ਖ਼ਰਚੇ 'ਤੇ ਨਵੇਂ ਸਾਲ 2017 ਦੇ

ਮੁਬਾਰਿਕ ਮੌਕੇ 'ਤੇ 2 ਜਨਵਰੀ 2017 ਨੂੰ 'ਆਪਣਾ ਹੋਟਲ' ਵਿਖੇ ਨਵੇਂ ਸਾਲ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਮੌਕੇ ਤੇ ਸੰਸਥਾ ਦੇ ਚੇਅਰਮੈਨ ਐਲ. ਆਰ. ਮੁੰਦਰਾ ਨੇ ਸੈਣੀ ਭਵਨ ਨਾਲ ਜੁੜੇ ਸਮਾਜ ਦੇ ਸਮੂਹ ਮੈਂਬਰਾਂ ਨੂੰ ਨਵੇਂ ਸਾਲ ਦੀ ਵਧਾਈ ਦਿੰਦੇ ਹੋਏ ਸੈਣੀ ਭਵਨ ਦੀ ਚੜ੍ਹਦੀਕਲਾ ਦੀ ਕਾਮਨਾ ਕੀਤੀ। ਉਨ੍ਹਾਂ ਆਸ ਪ੍ਰਗਟਾਈ ਕਿ ਸੈਣੀ ਭਵਨ ਬਰਾਦਰੀ ਦੇ ਸਹਿਯੋਗ ਨਾਲ ਆਪਣੇ ਸਮਾਜ ਸੇਵਾ ਦੇ ਕਾਰਜਾਂ ਨੂੰ ਹੋਰ ਵਧੇਰੇ ਉਤਸਾਹ ਨਾਲ ਚਲਾਇਗਾ। ਇਸ ਮੌਕੇ 'ਤੇ ਮੈਂਬਰਾਂ ਦੇ ਪਰਿਵਾਰਿਕ ਮੈਂਬਰ ਵੀ ਸ਼ਾਮਿਲ ਹੋਏ।

## ਸੈਣੀ ਭਵਨ ਨੂੰ ਮਿਲਿਆ ਇੰਸਟੀਚ੍ਰਿਟ ਸਟਾਰ ਸਨਮਾਨ

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ, ਸੈਣੀ ਭਵਨ, ਰੂਪਨਗਰ ਨੂੰ ਖ਼ੂਨਦਾਨ ਕੈਂਪਾਂ ਦਾ ਆਯੋਜਿਨ ਕਰਨ ਲਈ ਸਟਾਰ ਇੰਸਟੀਚ੍ਰਿਟ ਦਾ ਸਨਮਾਨ ਪ੍ਰਾਪਤ ਹੋਇਆ ਹੈ।ਸੰਸਥਾ ਨੂੰ ਇਹ ਅਵਾਰਡ ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ, ਸੈਕਟਰ 37, ਚੰਡੀਗੜ੍ਹ ਵਲੋਂ 4 ਫਰਵਰੀ 2017 ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਖੇ ਆਯੋਜਿਤ ਸਾਲਾਨਾ ਅਵਾਰਡ ਸਮਾਗਮ ਦੌਰਾਨ ਦਿੱਤਾ ਗਿਆ। ਸਮਾਗਮ ਦੇ ਮੁੱਖ ਮਹਿਮਾਨ ਹਰਿਆਣਾ ਦੇ ਰਾਜਪਾਲ ਕਪਤਾਨ ਸਿੰਘ ਸੌਲਾਂਕੀ ਸਨ। ਸੰਸਥਾ ਨੂੰ ਇਹ ਅਵਾਰਡ ਸੁਸਾਇਟੀ ਦੀ ਗਵਰਨਿੰਗ ਕੌਂਸਲ ਦੇ ਪ੍ਰਧਾਨ ਸ਼੍ਰੀ ਆਰ. ਕੇ. ਸਾਬੂ ਨੇ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਦੇ ਪੀ.ਆਰ.ਓ. ਰਾਜਿੰਦਰ ਸੈਣੀ ਨੂੰ ਭੇਟ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸੈਣੀ ਭਵਨ ਦੇ ਕੈਂਪ ਆਯੋਜਿਨ ਕਰਨ 'ਚ ਮਹੱਤਵਪੂਰਨ ਸਹਿਯੋਗ ਦੇਣ ਵਾਲੇ ਬਲੱਡ ਡੋਨਰ ਸ. ਦਲਜੀਤ ਸਿੰਘ ਵੀ ਸਨ। ਸਮਾਗਮ ਦੌਰਾਨ ਸੈਣੀ ਭਵਨ ਦੇ ਖ਼ੂਨਦਾਨ ਕੈਂਪਾਂ 'ਚ ਸਾਲ 2016 ਦੌਰਾਨ 2 ਤੋਂ ਵੱਧ ਵਾਰ ਖ਼ੂਨਦਾਨ ਕਰਨ ਵਾਲੇ ਤਰਸੇਮ ਸੈਣੀ ਨੰਗਲ, ਦਲਜੀਤ ਸਿੰਘ, ਅਮਿਤ ਸੈਣੀ ਅਤੇ ਚਰਨਦੀਪ ਸਿੰਘ ਚੈਰੀ ਦਾ ਵੀ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਸਮਾਗਮ ਦੌਰਾਨ ਲਾਇਫ ਲਾਇਨ ਬਲੱਡ ਡੋਨਰ ਸੁਸਾਇਟੀ, ਰੂਪਨਗਰ ਨੂੰ ਵੀ ਖ਼ੂਨਦਾਨ ਕੈਂਪਾਂ ਦੇ ਆਯੋਜਨ ਕਰਨ ਲਈ ਸਨਮਾਨਿਤ ਕੀਤਾ ਗਿਆ।

ਕਿਉਂ ਵੀਰ ਕਿਸਾਨਾ ਵੇ, ਤੈਨੂੰ ਮਿਹਨਤ ਰਾਸ ਨਾ ਆਏ?
ਕਿਉਂ ਬੱਦਲ ਕਾਲੇ ਨੇ ਤੇਰੀ ਕਿਸਮਤ 'ਤੇ ਮੰਡਰਾਏ?
ਤੇਰੀ ਕੰਬਦੀ ਕਿਸਮਤ ਕਿਉਂ, ਵੇ ਲੱਖ ਝੁੱਲੇ ਝੱਖੜ ਨੇਰ੍ਹੀ ?
ਮੈਥੋਂ ਝੱਲੀ ਨਾ ਜਾਂਦੀ ਵੇ, ਰੋਂਦੀ ਫ਼ਸਲ ਸੋਹਣਿਆ ਤੇਰੀ ।
(ਮਨਜੀਤ ਕੌਰ ਸੈਣੀ ਅੰਬਾਲਵੀ)



ਕਹਾਣੀ

## ਨਫ਼ਰਤ ਦੇ ਬੀਜ

ਚਰਨਜੀਤ ਸਿੰਘ ਕਤਰਾ

"ਮਾਂ ਮੈਂ ਪ੍ਰੀਤੀ ਦੀਦੀ ਕੋਲ ਚੱਲੀ ਆਂ, ਸਵਾਲ ਸਮਝਣੇ ਆਂ," ਜੀਤ ਆਪਣੀ ਮਾਂ ਕੋਲ ਆ ਕੇ ਕਹਿਣ ਲੱਗੀ, ਜੋ ਵਿਹੜੇ ਵਿੱਚ ਪੀਣ੍ਹਾ ਕਰਨ ਲੱਗੀ ਹੋਈ ਸੀ।

"ਨਾ ਹੁਣ ਕੋਈ ਟੈਮ ਐਂ, ਪਹਿਲਾਂ ਕਿਆ ਕਰਦੀ ਤੀ, ਸਾਰਾ ਕੰਮ ਕਰਨ ਨੂੰ ਪਿਆ, ਮੈਥੋਂ ਤਾਂ ਅਜੇ ......'

"ਮਾਂ ਮੈਂ ਛੇਤੀ ਆ ਜੂੰ........'

"ਆਹੋ ਮੈਨੂੰ ਪਤਾ ਐ ਤੇਰਾ, ਤੂੰ ਕੰਮ ਤੋਂ ਟਲਦੀ ਨਾ ਰਿਹਾ ਕਰ ਹਮੇਸ਼ਾ, ਚੁੱਪਕਰ ਕੇ ਰਸੋਈ ਦੇਖ।"

"ਮਾਂ ਤੂੰ ਵੀ ਬਸ, ਜੀਤੀ ਉਦਾਸ ਜਿਹੀ ਹੋ ਅੰਦਰ ਵੜ ਗਈ ਤੇ ਉਸ ਦੀ ਮਾਂ ਲਗਾਤਾਰ ਬੋਲਦੀ ਰਹੀ, 'ਕੱਲੀਆਂ ਪੜ੍ਹਾਈਆਂ ਈ ਨੀ ਤੇਰੇ ਕੰਮ ਆਉਣੀਆਂ, ਘਰ ਦੇ ਕੰਮ ਵੀ ਆਉਣੇ ਚਾਹੀਦੇ, ਗਹਾਂ ਤੇਰੀ ਮਾਂ ਨੇ ਨੀ ਹੋਣਾ ਉਥੇ, ਜਿਸ ਦੇ ਸਹਾਰੇ ਮੌਜਾਂ ਕਰਦੀ ਏਂ! ਸੱਸਾਂ ਤਾਂ ਤੰਗ ਕਰਨ ਲਈ ਸੌਂ-ਸੌਂ ਬਹਾਨੇ ਭਾਲਦੀਆਂ ਅੱਜ ਕਲ੍ਹ, ਨਣਦਾਂ ਅੱਲਗ ਨਗੌਚਾਂ ਕੱਢਦੀਆਂ। ਦਰਾਣੀਆਂ ਜਠਾਣੀਆਂ ਤਾਂ ਅੱਗਾਂ ਲੌਣ ਵਾਲੀਆਂ ਹੁੰਦੀਆਂ! ਹੱਥ ਪਾਇਆ ਕਰ ਕੰਮ ਨੂੰ, ਨਹੀਂ ਦੇਖੀਂ ਜਾਈਂ ਜਾਲ ਵਿੱਚ ਫਸੀ ਹੋਈ ਘੁੱਗੀ ਵਾਗੂੰ।"

"ਭਾਗਵਾਨੇ ਤੂੰ ਕਿਉਂ ਡਰਾਉਂਦੀ ਰਹਿੰਦੀ ਏਂ ਧੀ ਨੂੰ ਹਰ ਵੇਲੇ," ਜੀਤ ਦਾ ਪਿਤਾ ਪਸ਼ੂਆਂ ਵੱਲ ਤੋਂ ਆਉਂਦਾ ਹੋਇਆ ਬੋਲਿਆ।

"ਨਾ ਮੈਂ ਝੂਠ ਬੋਲਦੀ, ਜੇ ਇਸ ਨੇ ਕੰਮ ਨੀ ਸਿਖਿਆ ਕੋਈ, ਗਹਾਂ ਤਾਂ ਮੈਨੂੰ ਹੀ ਕਹਿਣਾ ਕਿ ਕੁਚੱਜੀ ਨੇ ਸਿਖਾ ਕੇ ਨੀ ਭੇਜੀ। ਮੇਰੀ ਭਤੀਜੀ ਨਾਲ ਕੀ ਕੁਝ ਹੋਇਆ ਤੈਨੂੰ ਪਤਾ ਨੀ, ਉਹ ਤਾਂ ਪੜ੍ਹੀ ਵੀ ਬਥੇਰਾ ਤੀ। ਨਾਲੇ ਅਸੀਂ ਤਾਂ ਪੈਸੇ ਦੇ ਜ਼ੋਰ ਨਾਲ ਵੀ ਨੀ ਕਿਸੇ ਨੂੰ ਚੁੱਪ ਕਰਾਉਣ ਜੋਗੇ।"

"ਭਾਗਵਾਨੇ ਸਾਰੇ ਇਕੋ ਜਿਹੇ ਨੀ ਹੁੰਦੇ। ਸਾਰੇ ਲਾਲਚੀ ਤੇ ਜ਼ਾਲਮ ਵੀ ਨੀ ਹੁੰਦੇ। ਹਰ ਕੋਈ ਮਿੱਟੀ ਦਾ ਤੇਲ ਤੇ ਮਾਚਸ ਲਈ ਨੀ ਬੈਠਾ ਹੁੰਦਾ। ਪਿਆਰ ਨਾਲ ਰਿਸ਼ਤੇ ਨਿਭਾਉਣੇ ਵਾਲੇ ਵੀ ਬਥੇਰੇ ਹੁੰਦੇ। ਇਹ ਤੇਰੀ ਗੱਲ ਸਹੀ ਹੈ ਕਿ ਧੀਆਂ ਨੂੰ ਸਾਰੇ ਕੰਮ ਆਉਣੇ ਚਾਹੀਦੇ ਹਨ ਪਰ ਸਿੱਖਿਆ ਗਿਆਨ ਬਹੁਤ ਜ਼ਰੂਰੀ ਹੈ ਅੱਜ ਦੇ ਵਕਤ ਲਈ, ਤੇ ਸਾਨੂੰ ਬੱਚਿਆਂ ਦੇ ਮਨਾਂ 'ਚ ਸਹੁਰਿਆਂ ਪ੍ਰਤੀ ਪਹਿਲਾਂ ਹੀ ਨਫ਼ਰਤ ਦੇ ਬੀਜ ਨੀ ਬੀਜਣੇ ਚਾਹੀਦੇ, ਜਿਸ ਕਾਰਣ ਰਿਸ਼ਤਿਆਂ 'ਚ ਖਟਾਸ ਪੈਦਾ ਹੋ ਜਾਏ। ਸੋ ਸਾਨੂੰ ਆਸ਼ਾਵਾਦੀ ਹੋਣਾ ਚਾਹੀਦਾ ਹੈ, ਚਲ ਜੀਤੀ ਨੂੰ ਕਹਿ ਕਿ ਕੁੜੀ ਕੋਲ ਪੜ੍ਹ ਆਵੇ"। ਏਨਾ ਕਹਿ ਉਹ ਬਾਹਰ ਨਿਕਲ ਗਿਆ ਤੇ ਜੀਤੀ ਦੀ ਮਾਂ ਜੀਤੀ ਵੱਲ ਨੂੰ ਅੰਦਰ ਵੱਲ ਤੁਰ ਪਈ।

-9876931529



## ਗਜ਼ਲ

ਡਾ. ਗੁਰਚਰਨ ਸਿੰਘ 'ਸਾਕੀ'

ਆਪਣੇ ਸੀ ਖ਼ਾਸ ਜਿਹੜੇ, ਜਦ-ਜਦ ਉਹ ਗ਼ੈਰ ਨਿਕਲੇ!
ਪਲ-ਪਲ ਮੇਰੀ ਅਕਲ ਦੇ, ਪੈਰਾਂ ਤੋਂ ਪੈਰ ਨਿਕਲੇ!!
ਰਹਿਮਤ ਦਾ ਰੱਬ ਮੰਨ ਕੇ, ਝੋਲੀ ਤਾਂ ਅੱਡ ਬੈਠਾ,
ਪਰ ਕੀ ਪਤਾ ਸੀ ਉਹ ਵੀ, ਦਿਲ ਤੋਂ ਬਗ਼ੈਰ ਨਿਕਲੇ!
ਖ਼ੁਦ-ਗ਼ਰਜ਼ੀਆਂ ਦੇ ਸਾਗਰ, ਦੁਨੀਆਂ ਰਹੀ ਗਰਕਦੀ,
ਰਿੜ੍ਹ-ਖਿੜ੍ਹ ਕੇ ਡਿਗਦੇ-ਢਹਿੰਦੇ, ਆਪਾਂ ਤਾਂ ਤੈਰ ਨਿਕਲੇ!
ਕੀ ਹੁਕਮਰਾਨ ਹੈ ਉਹ? ਜੰਨਤਾ ਦਾ ਦਾਸ ਕਾਹਦਾ?
ਜਿਸ 'ਚੋਂ ਦੂਈ ਨਾ ਜਾਵੇ! ਮਨ 'ਚੋਂ ਨਾ ਵੈਰ ਨਿਕਲੇ!!
ਟੁਰਿਆ ਮਗਰ ਅਸਾਡੇ, ਪਰਛਾਂਵਿਆਂ ਦਾ ਲਸ਼ਕਰ,
ਆਥਣ-ਸੰਦੇਹੀਂ ਘਰ ਤੋਂ, ਜਦ-ਕਦ ਵੀ ਸੈਰ ਨਿਕਲੇ!
ਨਿਕਲੇ ਬੜੇ ਮੁਖੌਟੇ ਦਿਲ ਦੇ ਦਰਾਜ਼ ਵਿੱਚੋਂ,
ਜਾਂ ਮੇਲ-ਮੇਲ ਵੇਖੇ, ਸਭ ਐਰ-ਗ਼ੈਰ ਨਿਕਲੇ!
ਸਭ ਲੋਕ ਸਟਪਟਾਏ 'ਸਾਕੀ' ਦੀ ਗ਼ਜ਼ਲ 'ਤੇ, ਪਰ,
ਆਖ਼ਰ ਨੂੰ ਸ਼ਿਅਰ ਸਾਰੇ, 'ਸਕਤੇ' ਬਗ਼ੈਰ ਨਿਕਲੇ!

## ਗਜ਼ਲ

ਸੁਰਜੀਤ ਸਿੰਘ 'ਜੀਤ'

ਮੈਂ ਵੀ ਖਾਵਾਂ ਤੂੰ ਵੀ ਖਾਹ! ਪੌੜੀ-ਪੌੜੀ ਚੜ੍ਹਦਾ ਜਾਹ!!
ਨੇਤਾ ਜਾਂ ਫਿਰ ਡਾਕੂ ਲੁੱਟੇ, ਲੋਕ ਰਾਜ ਨੂੰ ਕੀ ਪਰਵਾਹ!
ਦਾਜ ਦੇ ਬਦਲੇ ਔਰਤ ਸਾੜੋ, ਮਾਨਸ ਜਨਮ ਦਾ ਏਹੋ ਲਾਹ!
ਲਾਡੋ ਧੀ ਦੀ ਅਸਮਤ ਲੁੱਟੀ। ਬੁੱਢੇ ਹੱਡਾਂ ਲੈ ਲਿਆ ਫਾਹ!
ਇੰਗਲਿਸ਼ ਬੋਲੇ 'ਦੇਸੀ' ਪੀ ਕੇ, ਪਤਨੀ ਕੁੱਟੇ, ਵਾਹ ਬਈ ਵਾਹ!
ਹਾਰਨ ਦੇ ਜਦ ਪੈਸੇ ਮਿਲਦੇ, ਏਵੇਂ ਮੁਫ਼ਤ ਚੜ੍ਹਾਈਏ ਸਾਹ?
'ਜੀਤ' ਨਿਥਾਵਾਂ ਕਿਉਂ ਹੈ ਫੇਰ, ਰਹਿਮਤ ਜੇ ਤੇਰੀ ਅਸਗਾਹ?

ਜਿੱਥੇ ਵੀ ਦੋ ਬੰਦੇ ਰਲ ਕੇ ਬਹਿੰਦੇ ਨੇ।
ਤੀਜੇ ਦਾ ਪਰਛਾਵਾਂ ਵੱਢਦੇ ਰਹਿੰਦੇ ਨੇ।
-ਸੁਰਜੀਤ ਪਾਤਰ



## ਗਜ਼ਲ

ਜਸਵੰਤ ਸਿੰਘ ਜਗੈਤ

ਦਿਲ ਦਰਵਾਜੇ ਖੁਲ੍ਹੇ ਰੱਖੋ,
ਹੋ ਵਿਹੜੇ ਵਿਚ ਰੌਣਕ-ਬਸੇਰਾ।
ਘਰ-ਦਰ ਦੇ ਬਨੇਰਿਆਂ ਦਾ ਉੱਤੇ,
ਚਮਕੇ ਨਿਸ ਦਿਨ ਸੋਨ-ਸਵੇਰਾ।
ਦਿਲ ਨਾ ਕੋਈ ਪੱਥਰ ਸਮਝੋ,
ਦਿਲ ਤਾਂ ਦਿਲ ਹੈ, ਬਦਲ ਨਾ ਕੋਈ।
ਦਿਲ ਦੇ ਵਿਚ ਦਰਿਆ ਦਿਲੀ ਉਪਜੇ,
ਹੋ ਜਾਵੇ ਫਿਰ ਸ਼ਾਮ ਸਵੇਰਾ।
ਦਿਲ ਵਾਲੇ ਦਿਲ ਆਪਣੇ ਦੇ ਵਿਚ,
ਦਿਲ ਦੀਆਂ ਗੱਲਾਂ-ਬਾਤਾਂ ਪਾ ਕੇ,
ਹੋਰ ਦਿਲ ਵਿਚ ਦਿਲਾਂ ਨੂੰ ਬਸਾ ਕੇ,
ਕਰਦੇ ਆਪਣਾ ਪਿਆਰ ਪਕੇਰਾ।
ਦਿਲ ਨੂੰ ਦਿਲ ਦੀ ਰਾਹ ਹੁੰਦੀ ਏ।
ਦਿਲ ਨੂੰ ਦਿਲ ਦੀ ਚਾਹ ਹੁੰਦੀ ਏ।
ਰੱਜ ਰੱਜ ਮਾਣੋ ਰੰਗ-ਤਮਾਸ਼ੇ।
ਤਾਂ ਵਧਦਾ ਜਿਉਣੇ ਦਾ ਬਸੇਰਾ।
ਪਿਆਰ ਵਿਹੂੰਨੀ ਕੂਕ ਨਾ ਨਿਕਲੇ,
ਹੋਵੇ ਮਨ ਵਿਚ ਮੋਹ-ਪਰਭਾਤਾਂ,
ਨਿਕਲੇ ਗੀਤ ਮਿੱਤਰ-ਮਿਲਣੀ ਦੇ।
ਢਹਿਜੇ ਬੰਧਨ ਦਾ ਬਨੇਰਾ।
ਦਿਲ ਕੁਮਲਾਵੇ ਜਦ ਇਹ ਟੁੱਟੇ,
ਅਪਣੇ ਦੀ ਬੇ-ਵਫਾਈ ਕਰਕੇ,
ਜਾਂ ਹੋ ਕਿਸੇ ਦੀ ਲਿਤਾੜੀ ਅਜਮਤ,
ਤੇ ਬੇ-ਆਸ ਦਾ ਅਸਰ ਘਨੇਰਾ।
ਅੰਦਰ ਕਾਲੇ ਬਾਹਰ ਚਿੱਟੇ,
ਨੰਗਾ ਨਾਚ ਕਰਨ ਦੇ ਕਰ ਕੇ,
ਰੂਪ ਅਸਲ ਆਪਣਾ ਦਿਖਾ ਜਾਂਦੇ,
ਕਿ ਛਾਇਆ ਹੈ ਦਿਲ 'ਤੇ ਨ੍ਹੇਰਾ।
ਦਿਲ ਵਿਚ ਸੌੜੇ ਹਿੱਤ ਨਾ ਪਾਲੋ,
ਸੁਗੁਣ ਧਾਰੋ ਮਾਨਵਤਾ ਦੇ,
ਫਿਰ ਸਰਬੱਤ ਦਾ ਭਲਾ ਮੰਗਣ 'ਤੇ,
ਬਿਰਖ ਬਰਕਤ ਦਾ ਵਧਦਾ ਵਧੇਰਾ।
ਦਿਲ ਹੈ ਦਰਦ ਤੇ ਦਿਲ ਹੈ ਦਵਾ ਭੀ,
ਦਿਲ ਰਾਹੀਂ ਹੀ ਸਭ ਕੁਝ ਹੁੰਦਾ,
ਦਿਲ ਹੈ ਟਿਕਾਣੇ ਤਾਂ ਸੱਜਣ ਮਿਲਣ,
ਫੇਰ ਖੁਦਾ 'ਜਸ' ਯਾਰ ਪਕੇਰਾ।



## Asian Shot Put Champion - Inderjeet Singh Saini

Prof. Malkiat Singh Saini

Asian Shot put champion Inderjeet Singh Saini was born on 19th April, 1988 at village Mehatpur (Oladhni) near Balachaur Distt. Nawanshahr to the parents father Gurdial Singh and mother Darshan Kaur. His grandfather, the late S. Karam Singh, was a great social Reformer and religious leader. He has one elder brother Jaswinder Singh who is married.

**Education:** Inderjeet Singh completed his high school from CBSE Board and intermediate from U.P. Board. He Graduated from Hissar University Haryana. Since his school & college days, he was an outstanding sportsman.

Up coming field star Inderjeet Singh was first Indian athlete to qualify for Rio Olympics-2016 but due to some reason, he was not selected for Rio Olympic 2016. Outside country, Inderjeet Singh bagged 3 gold medals in shot put. He won the gold medal in shot put on the first day of the 21st Asian Athletics Championship in China-2015. He won Bronze medal in Asian Games (19.63m) in South Korea 2014 and won Silver medal in world university games (19.70m) held in Russia. He was the first Indian athlete to win gold medal (20.44m) in world university games, South Korea-2015. Won Gold Medal with new meet record in Asian Grand Prix, Thailand-2015.

Inderjeet Singh has a long list of winning record from school days. He won silver medal in national inter Zonal games at Bhopal in 2003, Silver Medal in Junior National, Kerala in 2003. Bronze Medal in National Inter Zonal, Meerut in 2004, Gold Medal in CBSE National Games, Bhopal in 2005, Gold Medal in National Junior Youth Championship, Bangalore in 2006, Gold Medal in Junior National Vijayawada in 2007, Gold Medal (17.77m) in Haryana in 2010, Gold Medal (18.34m) in All India University in 2012, Gold Medal (18.84m) in Haryana Olympics Panchkula in 2012, Gold Medal (18.92m) in Inter State National, Chennai in 2013, Gold Medal with new meet record (20.14m) in National games Kerala in 2015, Gold Medal with new meet record (20.44m) in inter state Chennai, 2015 and Gold Medal with new meet record (20.65m) in Federation Cup, Mangalore, 2015. M.P Government honoured him with Eklavya Award in Shot Put in 2006. He was captain of M.P Athletics team for many years.

Inderjeet have put new record of (17.28m) & (17.65m) in Maharishi Dayanand University Hissar in 2010 & 2012 respectively. He was best athlete in Federation cup in 2015 and all Indian university record holder Shot-put (19.70m). Again won Silver Medal in Federation cup held in Delhi-2016 and gold medal in national interstate held at Hyderabad-2016. Won gold medal in 1st leg of Indian grand prix Bangalore in 2016. Again won gold medal with new meet record (20.65m) in Federation cup gold in Mangalore 2015.



By winning many prize & medals Inderjeet Singh did much in world Shot Put game and brought honour to India. Shall we hope that he will win Olympic gold medal in shot put in Tokyo Japan in 2020.

❊ ❊ ❊ ❊ ❊

## ਚੇਅਰਮੈਨ ਐੱਲ .ਆਰ .ਮੁੰਦਰਾ ਦਾ ਸਨਮਾਨ

ਜ਼ਿਲ੍ਹਾ ਪ੍ਰਸ਼ਾਸਨ ਰੂਪਨਗਰ ਵਲੋਂ ਸੈਣੀ ਭਵਨ ਦੇ ਚੇਅਰਮੈਨ ਐਲ. ਆਰ. ਮੁੰਦਰਾ ਦਾ ਸ਼ਹਿਰ ਦੇ ਉਘੇ ਸਮਾਜਸੇਵਕ, ਮਹਾਂਦਾਨੀ, ਬਜ਼ੁਰਗਾਂ ਦੇ ਰਹਿਣ ਲਈ ਘਰ ਕਾਇਮ ਕਰਨ, ਸੀਨੀਅਰ ਸਿਟੀਜ਼ਨਜ਼ ਕੌਂਸਲ ਰੂਪਨਗਰ ਦੇ ਮੋਢੀ ਮੈਂਬਰ ਅਤੇ ਸਭ ਤੋ ਵੱਧ ਉਮਰ ਦੇ ਮੈਂਬਰ ਹੋਣ ਦੇ ਨਾਲ ਨਾਲ ਬਹੁਤ ਸਾਰੀਆਂ ਸੰਸਥਾਵਾਂ ਨਾਲ ਜੁੜ ਕੇ ਲੰਬੇ ਸਮੇਂ ਤੋ ਸਮਾਜ ਦੀ ਸੇਵਾ ਕਰਨ ਸਦਕਾ 26 ਜਨਵਰੀ 2107 ਨੂੰ ਸਨਮਾਨਿਤ ਕੀਤਾ ਗਿਆ ਹੈ।

ਜੀਵਨ ਜਾਚ



# ਖੁਸ਼ ਕਿਵੇਂ ਰਹੀਏ ?

ਅਮਰਜੀਤ ਸਿੰਘ

ਜ਼ਿੰਦਗੀ ਜਨਮ ਅਤੇ ਮੌਤ ਦੀ ਵਿਚਕਾਰਲੀ ਕੜੀ ਨੂੰ ਜੋੜਦੀ ਹੈ। ਕਈਆਂ ਦੀ ਸਾਰੀ ਜ਼ਿੰਦਗੀ ਰੱਬ ਨਾਲ ਗ਼ਿਲੇ-ਸ਼ਿਕਵੇ ਕਰਦਿਆਂ ਹੀ ਲੰਘ ਜਾਂਦੀ ਹੈ। ਜੋ ਉਸ ਨੇ ਬਖ਼ਸ਼ਿਆ ਹੈ ਉਸ ਵਿੱਚ ਖੁਸ਼ ਰਹਿਣ ਦੀ ਬਜਾਏ ਜੋ ਨਹੀਂ ਹੈ, ਉਸ ਬਾਰੇ ਸੋਚ ਸੋਚ ਕੇ ਹੀ ਝੂਰਦੇ ਰਹਿੰਦੇ ਹਨ ਜਦੋਂ ਕਿ ਕਈ ਮਸਤ ਰਹਿੰਦੇ ਹੋਏ ਪਰਮਾਤਮਾ ਦਾ ਸ਼ੁਕਰਾਨਾ ਕਰਦੇ ਆਨੰਦਮਈ ਜ਼ਿੰਦਗੀ ਜਿਊਂਦੇ ਹਨ। ਕਈ ਅਜਿਹੇ ਵੀ ਹੁੰਦੇ ਹਨ ਜੋ ਸਾਰੀ ਜ਼ਿੰਦਗੀ ਦੂਜਿਆਂ ਨੂੰ ਨੀਵਾਂ ਦਿਖਾਉਣ, ਬੁਰਾ ਭਲਾ ਕਹਿਣ, ਨੁਕਸ ਕੱਢਣ ਅਤੇ ਦੁਖੀ ਕਰਨ ਵਿੱਚ ਅਜਾਈਂ ਹੀ ਗਵਾ ਦਿੰਦੇ ਹਨ।

ਜ਼ਿੰਦਗੀ ਰੰਗਮੰਚ ਹੀ ਤਾਂ ਹੈ ਜਿੱਥੇ ਸਭ ਨੇ ਆਪਣਾ ਰੋਲ ਨਿਭਾਉਣਾ ਹੈ ਅਤੇ ਰੁਖ਼ਸਤ ਹੋ ਜਾਣਾ ਹੈ। ਫਿਰ ਕੀ ਫਾਇਦਾ ਇਸ ਨੂੰ ਲੜਾਈ ਝਗੜਿਆਂ, ਆਪਸੀ ਰੰਜਿਸ਼ਾਂ, ਬੇਲੋੜੀਆਂ ਨਫ਼ਰਤਾਂ ਅਤੇ ਫਾਲਤੂ ਚਿੰਤਾਵਾਂ ਵਿੱਚ ਉਲਝਾਉਣ ਦਾ। ਬਸ ਮਸਤ ਰਹੋ ਜ਼ਿੰਦਗੀ ਜੀਊਣ ਵਿੱਚ, ਕੀ ਪਤਾ ਕਦੋਂ ਬੁਲਾਵਾ ਆ ਜਾਵੇ ਅਤੇ ਸਾਡਾ ਕੰਮ ਖ਼ਤਮ ਹੋ ਜਾਵੇ। ਅੱਜ ਕਿਉਂ ਸਭ ਕੁਝ ਹੁੰਦੇ ਹੋਏ ਵੀ ਅਸੀਂ ਮੁਰਝਾਏ ਰਹਿੰਦੇ ਹਾਂ? ਇਸ ਪਦਾਰਥਵਾਦੀ ਯੁੱਗ ਵਿੱਚ ਜ਼ਿਆਦਾ ਤੋਂ ਜ਼ਿਆਦਾ ਪਦਾਰਥ ਇਕੱਠੇ ਕਰਨ ਦੀ ਹੋੜ ਵਿੱਚ ਅਸੀਂ ਆਪਣਾ ਆਪ ਗੁਆ ਬੈਠੇ ਹਾਂ। ਖੁਸ਼ ਰਹਿਣਾ ਕੋਈ ਜ਼ਿਆਦਾ ਔਖਾ ਕੰਮ ਨਹੀਂ। ਬਸ ਪਤਾ ਹੋਵੇ ਕਿ ਖੁਸ਼ੀ ਮਿਲੂ ਕਿੱਥੋ? ਜੋ ਕੰਮ ਕਰਨ 'ਤੇ ਤੁਹਾਨੂੰ ਖੁਸ਼ੀ ਮਿਲਦੀ ਹੈ ਉਸ ਵਾਸਤੇ ਸਮਾਂ ਜ਼ਰੂਰ ਕੱਢੋ। ਆਪਣੇ ਮਨ ਨੂੰ ਵਿਹਲਾ ਨਾ ਰਹਿਣ ਦਿਓ, ਜ਼ਿੰਦਗੀ ਦੇ ਹਰੇਕ ਪਲ ਨੂੰ ਮਾਨਣਾ ਸਿੱਖੋ। ਹਰੇਕ ਇਨਸਾਨ ਦੇ ਜੀਵਨ ਵਿੱਚ ਦੁਖੀ ਜਾਂ ਉਦਾਸ ਰਹਿਣ ਦੇ ਕਾਰਨ ਮੌਜੂਦ ਹੁੰਦੇ ਹਨ। ਜਦੋਂ ਤਕ ਅਸੀਂ ਆਪਣੇ ਆਪ ਖੁਸ਼ ਹੋਣਾ ਨਹੀਂ ਸਿੱਖਾਂਗੇ, ਅਸੀਂ ਦੁਖੀ ਹੀ ਰਹਾਂਗੇ। ਆਪਸੀ ਲੜਾਈ ਝਗੜਿਆਂ ਨੂੰ ਖੁੱਲ੍ਹੇ ਦਿਲ ਨਾਲ ਆਪਸੀ ਗੱਲਬਾਤ ਅਤੇ ਸੂਝਬੂਝ ਨਾਲ ਸੁਲਝਾਉਣ ਦੀ ਕੋਸ਼ਿਸ਼ ਕਰੋ ਕਿਉਂਕਿ ਹਉਮੈਂ ਇਨਸਾਨ ਨੂੰ ਬਰਬਾਦੀ ਦੀ ਰਾਹ 'ਤੇ ਤੋਰ ਦਿੰਦੀ ਹੈ। ਆਪਣੀ ਜ਼ਿੰਦਗੀ ਨੂੰ ਤਮਾਸ਼ਾ ਨਾ ਬਣਾਓ।

ਦੁਨੀਆਂ ਵਿੱਚ ਵਿਚਰਦੇ ਹੋਏ ਸਾਡਾ ਅਨੇਕ ਇਨਸਾਨਾਂ ਨਾਲ ਵਾਹ ਪੈਂਦਾ ਹੈ। ਕਈ ਨੂੰ ਮਿਲ ਕੇ ਦਿਲ ਖੁਸ਼ ਹੁੰਦਾ ਹੈ ਅਤੇ ਕਈ ਸਾਡੀ ਉਦਾਸੀ ਦਾ ਕਾਰਨ ਬਣਦੇ ਹਨ। ਹਰੇਕ ਇਨਸਾਨ ਦੀ ਆਪਣੀ ਸੋਚ ਅਤੇ ਆਪਣਾ ਨਜ਼ਰੀਆ ਹੁੰਦਾ ਹੈ ਕਿਉਂਕਿ ਕੋਈ ਵੀ ਚੀਜ਼ ਚੰਗੀ ਜਾਂ ਬੁਰੀ ਨਹੀਂ ਹੁੰਦੀ। ਸਾਡਾ ਨਜ਼ਰੀਆ ਹੀ ਉਸ ਨੂੰ ਚੰਗਾ ਅਤੇ ਬੁਰਾ ਬਣਾਉਂਦਾ ਹੈ। ਹਰੇਕ ਨੂੰ ਆਪਣੀ ਅਕਲ ਹੀ ਵੱਡੀ ਲਗਦੀ ਹੈ। ਇਸ ਦੁਨੀਆਂ 'ਤੇ ਅੱਜ ਤਕ ਕੋਈ ਅਜਿਹਾ ਸੂਰਮਾ ਨਹੀਂ ਜੰਮਿਆ ਜਿਸ ਨੇ ਸਾਰੀ ਦੁਨੀਆਂ ਨੂੰ ਖੁਸ਼ ਕਰ ਦਿੱਤਾ ਹੋਵੇ। ਲੋਕ ਤਾਂ ਰੱਬ ਨੂੰ ਵੀ ਨਹੀਂ ਬਖ਼ਸ਼ਦੇ। ਫਿਰ ਆਪਾਂ ਕੀ ਚੀਜ਼ ਹਾਂ? ਬਸ ਕਿਸੇ ਦਾ ਬੁਰਾ ਨਾ ਕਰੋ, ਆਪਣੀ ਡਿਊਟੀ ਨੂੰ ਇਮਾਨਦਾਰੀ ਨਾਲ ਨਿਭਾਓ ਜਿਸ ਨਾਲ ਤੁਹਾਨੂੰ ਸਕੂਨ ਮਿਲੇਗਾ। ਕੋਈ ਵੀ ਇਨਸਾਨ ਸੰਪੂਰਨ ਨਹੀਂ ਹੁੰਦਾ ਕਮੀਆਂ ਸਭ ਵਿੱਚ ਹੀ ਹੁੰਦੀਆਂ ਹਨ।

ਆਪਣਾ ਬਹੁਮੁੱਲਾ ਸਮਾਂ ਕਦੇ ਵੀ ਪੁਰਾਣੀਆਂ ਗ਼ਲਤੀਆਂ ਦਾ ਪੋਸਟਮਾਰਟਮ ਕਰਦੇ ਹੋਏ ਨਾ ਗਵਾਓ। ਕਈ ਸੋਚਦੇ ਰਹਿੰਦੇ ਹਨ ਕਿੰਨਾ ਚੰਗਾ ਹੁੰਦਾ ਮੈਂ ਇਸ ਤਰ੍ਹਾਂ ਨਾ ਕਰਦਾ, ਉਸ ਦੀ ਜਗ੍ਹਾ ਮੈਂ ਇਹ ਕਰ ਲੈਂਦਾ। ਜੋ ਹੋ ਚੁੱਕਿਆ ਹੈ ਉਸ ਨੂੰ ਬਦਲਿਆ ਨਹੀਂ ਜਾ ਸਕਦਾ। ਇਸ ਲਈ ਉਸ ਬਾਰੇ ਸੋਚਕੇ ਦਿਮਾਗ਼ 'ਤੇ ਬੋਝ ਪਾਉਣ ਦਾ ਵੀ ਕੋਈ ਲਾਭ ਨਹੀਂ। ਉਲਟਾ ਇਹ ਕਿਤੇ ਨਾ ਕਿਤੇ ਸਾਡੀ ਸਿਹਤ 'ਤੇ ਅਸਰ ਕਰੇਗਾ। ਪਰ ਉਸ ਗ਼ਲਤੀ ਤੋਂ ਸਬਕ ਜ਼ਰੂਰ ਸਿੱਖੋ।

ਜੇਕਰ ਤੁਸੀਂ ਖੁੱਲ੍ਹੇ ਦਿਲ ਨਾਲ ਜੀਊਣਾ ਚਾਹੁੰਦੇ ਹੋ ਤਾਂ ਹਰ ਕਿਸੇ ਨੂੰ ਖਿੜੇ ਮਨ ਨਾਲ ਮਿਲੋ, ਜਦੋਂ ਵੀ ਮੌਕਾ ਮਿਲੇ ਤਾਂ ਆਪਣੇ ਹਾਸੇ ਦੀ ਛਣਕਾਰ ਵੰਡੋ। ਕੁਝ ਪਲ ਬੱਚਿਆਂ ਨਾਲ ਜ਼ਰੂਰ ਬਿਤਾਓ ਉਨ੍ਹਾਂ ਦਾ ਨਿਰਛਲ ਅਤੇ ਖਿੜਖੜਾਉਂਦਾ ਹਾਸਾ ਤੁਹਾਡੇ ਦਿਨ ਭਰ ਦੀ ਥਕਾਵਟ ਨੂੰ ਇੱਕ ਪਲ ਵਿੱਚ ਛੂ ਮੰਤਰ ਕਰ ਦੇਵੇਗਾ। ਜੋ ਪਲ ਬੀਤ ਗਿਆ ਹੈ ਉਹ ਵਾਪਸ ਨਹੀਂ ਆਵੇਗਾ। ਮਨ ਵਿੱਚ ਜਿੰਨੀਆਂ ਵੀ ਕੌੜੀਆਂ ਕੁਸੈਲੀਆਂ ਯਾਦਾਂ ਜਾਂ ਗੱਲਾਂ ਹਨ, ਉਨ੍ਹਾਂ ਸਭ ਨੂੰ ਬਾਹਰ ਕੱਢ ਸੁੱਟੋ। ਬਦਲੇ ਜਾਂ ਨਫ਼ਰਤ ਦੀ ਭਾਵਨਾ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰੋ ਕਿਉਂਕਿ ਬਦਲਾ ਲੈਣ ਦੀ ਖੁਸ਼ੀ ਇੱਕ ਦਿਨ ਦੀ ਹੁੰਦੀ ਹੈ, ਪਰ ਮੁਆਫ਼ ਕਰਨ ਦਾ ਮਾਣ ਹਮੇਸ਼ਾਂ ਬਣਿਆ ਰਹਿੰਦਾ ਹੈ।

ਜਦੋਂ ਦਿਲ ਉਦਾਸ ਹੋਵੇ ਤਾਂ ਜੋ ਦਾਤਾਂ ਤੁਹਾਨੂੰ ਪਰਮਾਤਮਾ ਨੇ ਬਖ਼ਸ਼ੀਆਂ ਹਨ ਉਨ੍ਹਾਂ ਨੂੰ ਗਿਣਨਾ ਸ਼ੁਰੂ ਕਰ ਦੇਵੋ। ਆਪਣੇ ਆਲੇ ਦੁਆਲੇ ਇੱਕ ਨਜਰ ਘੁਮਾਓ। ਤੁਹਾਨੂੰ ਲੱਗੇਗਾ ਕਿ ਤੁਸੀਂ ਤਾਂ ਬਹੁਤ ਸਾਰਿਆਂ ਨਾਲੋਂ ਖੁਸ਼ਨਸੀਬ ਹੋ। ਜੇਕਰ ਤੁਹਾਡੇ ਕੋਲ ਰਹਿਣ ਲਈ ਘਰ ਹੈ, ਖਾਣ-ਪੀਣ ਦੀ ਕੋਈ ਚਿੰਤਾ ਨਹੀਂ। ਸਿਹਤ ਪੱਖੋਂ ਤੁਸੀਂ ਤੰਦਰੁਸਤ ਹੋ। ਫਿਰ ਜ਼ਿੰਦਗੀ ਜਿਊਣ ਲਈ ਹੋਰ ਕੀ ਚਾਹੀਦਾ ਹੈ? ਜ਼ਿੰਦਗੀ ਬਾਰੇ ਉਨ੍ਹਾਂ ਨੂੰ ਪੁੱਛੋ ਜਿਨ੍ਹਾਂ ਨੂੰ ਦੋ ਵਕਤ ਦੀ ਰੋਟੀ ਲਈ ਵੀ ਸੰਘਰਸ਼ ਕਰਨਾ ਪੈਂਦਾ ਹੈ ਅਤੇ ਖੁੱਲ੍ਹੇ ਆਸਮਾਨ ਥੱਲੇ ਸੌਣਾ ਪੈਂਦਾ ਹੈ। ਅੰਤ ਵਿੱਚ ਇਹੀ ਕਿ ਆਓ ਇੱਕ ਨਵੀਂ ਤੇ ਆਸ਼ਾਵਾਦੀ ਜ਼ਿੰਦਗੀ ਦੀ ਸ਼ੁਰੂਆਤ ਕਰੀਏ ਅਤੇ ਪਰਮਾਤਮਾ ਦੀਆਂ ਦਾਤਾਂ ਦਾ ਸ਼ੁਕਰਾਨਾ ਕਰਦੇ ਹੋਏ ਇਸ ਦਾ ਆਨੰਦ ਮਾਣੀਏ। ਕਿਸੇ ਗ਼ਰੀਬ ਦੀ ਮਦਦ ਕਰ ਦਿਓ। ਕਿਸੇ ਦੁਖੀ ਦਾ ਸਹਾਰਾ ਬਣ ਜਾਓ ਅਤੇ ਜ਼ਿੰਦਗੀ ਨੂੰ ਇੱਕ ਨਵੀਂ ਪਹਿਚਾਣ ਦਿਓ।

ਜ਼ਿੰਦਗੀ ਦੇ ਵਿਹੜੇ ਰਹਿਮਤਾਂ ਦਾ ਵਾਸਾ,
ਬਖ਼ਸ਼ੀ ਰੱਬਾ ਸਭ ਨੂੰ ਬੇਪਰਵਾਹ ਹਾਸਾ।

# ਗੁਰੂ ਘਰ ਦੇ ਅਨਿੰਨ ਸ਼ਰਧਾਲੂ-ਗਨੀ ਖਾਂ ਅਤੇ ਨਬੀ ਖਾਂ

ਦੇਵਿੰਦਰ ਸਿੰਘ ਗਿਲ
(ਜੀਆ ਨੱਥਾ)



ਸਿੱਖ ਧਰਮ, ਸਰਬ ਵਿਆਪਕ ਧਰਮ ਹੈ, ਇਹ ਕਿਸੇ ਫਿਰਕੇ ਜਾਂ ਜਾਤ ਨਾਲ ਸੰਬੰਧਤ ਨਹੀਂ ਹੈ।ਅਕਾਲ ਪੁਰਖ ਵਿਚ ਵਿਸ਼ਵਾਸ ਰੱਖਣ ਵਾਲੇ ਸਾਰੇ ਇਨਸਾਨਾਂ ਲਈ ਇਸ ਧਰਮ ਦੇ ਦਰ ਸਦਾ ਖੁਲ੍ਹੇ ਰਹਿੰਦੇ ਹਨ। ਇਹੀ ਕਾਰਨ ਹੈ ਕਿ ਗੁਰੂ ਕਾਲ ਵਿਚ ਕੇਵਲ ਹਿੰਦੂ ਅਤੇ ਸਿੱਖਾਂ ਨੇ ਹੀ ਦਸ ਗੁਰੂ ਸਾਹਿਬਾਨ ਨੂੰ ਆਪਣੇ ਰਹਿਬਰ ਨਹੀਂ ਮੰਨਿਆ, ਸਗੋਂ ਮੁਸਲਮਾਨਾਂ ਨੇ ਵੀ ਉਹਨਾਂ ਨੂੰ ਆਪਣੇ ਗੁਰੂ, ਪੀਰ ਕਰਕੇ ਮੰਨਿਆ ਹੈ। ਉਹਨਾਂ ਵਿਚੋਂ ਹੀ ਦੋ ਪਠਾਣ ਭਰਾ ਗਨੀ ਖਾਂ ਅਤੇ ਨਬੀ ਖਾਂ ਵੀ ਸਨ ਜੋ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਇਤਕਾਦ ਰਖਦੇ ਸਨ। ਉਹਨਾਂ ਨੇ ਗੁਰੂ ਜੀ ਦੀ ਉਸ ਸਮੇਂ ਸਹਾਇਤਾ ਕੀਤੀ ਜਦੋਂ ਗੁਰੂ ਜੀ ਤੇ ਬੇਅੰਤ ਮੁਸੀਬਤਾਂ ਆ ਪਈਆਂ ਸਨ।

ਉਹਨਾਂ ਦੇ ਮੁਢਲੇ ਜੀਵਨ ਬਾਰੇ ਸਾਡੇ ਇਤਿਹਾਸਕ ਸਰੋਤ ਬਿਲਕੁਲ ਚੁੱਪ ਹਨ। ਭਾਈ ਕਾਹਨ ਸਿੰਘ ਜੀ ਨਾਭਾ ਉਨ੍ਹਾਂ ਬਾਰੇ ਲਿਖਦੇ ਹਨ:-

"ਗਨੀ ਖਾਂ ਮਾਛੀਵਾੜੇ ਦਾ ਵਸਨੀਕ ਪਠਾਣ ਜੋ ਨਬੀ ਖਾਂ ਦਾ ਵਡਾ ਭਰਾ ਸੀ, ਇਹ ਦੋਵੇਂ ਭਾਈ ਦਸਮੇਸ਼ ਪਾਸ ਕੁਝ ਕਾਲ ਨੌਕਰ ਰਹੇ ਸਨ, ਜਦ ਚਮਕੌਰ ਤੋਂ ਚਲ ਕੇ ਕਲਗੀਧਰ ਮਾਛੀਵਾੜੇ ਆਏ, ਤਦ ਇਹ ਪ੍ਰੇਮ ਭਾਵ ਨਾਲ ਸਤਿਗੁਰੂ ਦੀ ਸੇਵਾ ਵਿਚ ਹਾਜ਼ਿਰ ਹੋਏ ਅਤੇ ਸਤਿਗੁਰੂ ਦਾ ਪਲੰਘ ਉਠਾ ਕੇ ਹੇਹਰ ਪਿੰਡ ਤੀਕ ਸਾਥ ਰਹੇ।ਜਗਤ ਗੁਰੂ ਨੇ ਇਸ ਥਾਂ ਤੇ ਇਨ੍ਹਾਂ ਨੂੰ ਵਿਦਾ ਕਰਨ ਵੇਲੇ ਹੁਕਮਨਾਮਾ ਬਖਸ਼ਿਆ ਜਿਸ ਵਿਚ ਲਿਖਿਆ ਹੈ ਕਿ ਗਨੀ ਖਾਂ ਅਤੇ ਨਬੀ ਖਾਂ ਸਾਨੂੰ ਪੁੱਤਰਾਂ ਤੋਂ ਵਧ ਕੇ ਪਿਆਰੇ ਹਨ। ਸਿੱਖ ਰਿਆਸਤਾਂ ਤੋਂ ਇਹਨਾਂ ਦੀ ਔਲਾਦ ਨੂੰ ਸਾਲਾਨਾ ਬੰਧਾਨ ਮਿਲਦੇ ਹਨ ਅਤੇ ਗੁਰਸਿਖ ਵੀ ਹਰ ਤਰ੍ਹਾਂ ਨਾਲ ਸਨਮਾਨ ਕਰਦੇ ਹਨ।"

ਉਹਨਾਂ ਦੇ ਬਜ਼ੁਰਗ ਕੌਣ ਸਨ, ਇਸ ਬਾਰੇ ਇਤਿਹਾਸਕ ਉਪਰੋਕਤ ਲਿਖਤ ਤੋਂ ਇਹ ਪਤਾ ਲਗਦਾ ਹੈ ਕਿ ਉਹ ਗੁਰੂ ਜੀ ਵੇਲੇ ਮਾਛੀਵਾੜੇ ਰਹਿੰਦੇ ਸਨ ਅਤੇ ਗੁਰੂ ਜੀ ਦੇ ਸੱਚੇ ਸੇਵਕਾਂ ਵਿਚੋਂ ਸਨ। ਗੁਰੂ ਚਰਨਾਂ ਦਾ ਪ੍ਰੇਮ ਉਹਨਾਂ ਦੇ ਦਿਲਾਂ ਵਿਚ ਸੱਚੇ ਸਿੱਖਾਂ ਵਾਲਾ ਸੀ। ਇਤਿਹਾਸ ਇਹ ਵੀ ਦਸਦਾ ਹੈ ਕਿ ਉਹ ਦੋਵੇਂ,ਰੋਪੜ ਵਾਲੇ ਕੋਟਲਾ ਨਿਹੰਗ ਖਾਨ ਦੀ ਭੂਆ ਦੇ ਪੁੱਤਰ ਸਨ। ਪ੍ਰੋ. ਪਿਆਰਾ ਸਿੰਘ ਪਦਮ ਪੁਸਤਕ "ਗੋਬਿੰਦ ਸਾਗਰ" ਦੇ ਪੰਨਾ 253 ਤੇ ਦੋਵੇਂ ਭਰਾਵਾਂ ਬਾਰੇ ਇਸ ਪ੍ਰਕਾਰ ਲਿਖਦੇ ਹਨ:-

"ਕਰਤਾ 'ਗੁਰੂ ਕੀਆਂ ਸਾਖੀਆਂ' ਅਨੁਸਾਰ, ਇਹ ਨਿਹੰਗ ਖਾਂ ਦੀ ਭੂਆ ਉਮਰੀ ਦੇ ਬੇਟੇ ਸਨ ਜੋ ਕਿ ਵੈਰੋਵਾਲ (ਅੰਮ੍ਰਿਤਸਰ) ਵਿਚ ਵਿਆਹੀ ਹੋਈ ਸੀ। ਕਿਸੇ ਅਨੁਸਾਰ ਇਹ ਅਜਮੇਰੀ ਫ਼ੌਜ ਵਿਚ ਮੁਲਾਜ਼ਮ ਸਨ ਕਿਸੇ ਨੇ ਲਿਖਿਆ ਹੈ, ਕਿ ਇਹ ਘੋੜਿਆਂ ਦੇ ਸੁਦਾਗਰ ਸਨ।ਗੁਰੂ ਸਾਹਿਬ ਪਾਸ ਅਨੰਦਪੁਰ ਆਉਂਦੇ ਜਾਂਦੇ ਰਹਿੰਦੇ ਸਨ।ਇਹ ਵਧੇਰੇ ਠੀਕ ਹੈ ਕਿ ਨਿਹੰਗ ਖਾਂ ਦੇ ਰਿਸ਼ਤੇਦਾਰ ਹੋਣ ਕਰਕੇ ਇਹ ਸਤਿਗੁਰਾਂ ਦੇ ਨਿਕਟਵਰਤੀ ਸ਼ਰਧਾਲੂ ਬਣੇ।"

1705 ਈਸਵੀਂ ਵਿਚ ਸ੍ਰੀ ਅਨੰਦਪੁਰ ਸਾਹਿਬ ਛਡਣ ਤੋਂ ਬਾਅਦ ਪੰਜਾਬ ਦਾ ਪੱਤਾ ਪੱਤਾ ਸਿਖ ਪੰਥ ਦਾ ਵੈਰੀ ਹੋ ਗਿਆ ਸੀ, ਮੁਗਲ ਫ਼ੌਜ ਗੁਰੂ ਜੀ ਦਾ ਪਿੱਛਾ ਕਰਦੀ ਆ ਰਹੀ ਸੀ ਉਸ ਭਿਆਨਕ ਸਮੇਂ ਗੁਰੂ ਜੀ ਕੁਝ ਸਮਾਂ ਕੋਟਲਾ ਨਿਹੰਗ ਖਾਨ ਕੋਲ ਰੋਪੜ ਵਿਖੇ ਠਹਿਰੇ ਸਨ।

5-6 ਦਸੰਬਰ 1705 ਈਸਵੀਂ ਦੀ ਵਿਚਕਾਰਲੀ ਸਰਦ ਰਾਤ ਨੂੰ ਗੁਰੂ ਸਾਹਿਬ ਜੀ ਨੇ ਅਨੰਦਪੁਰ ਸਾਹਿਬ ਨੂੰ ਛਡਿਆ ਅਤੇ ਸਵੇਰ ਹੋਣ ਤਕ ਰੋਪੜ ਕੋਟਲਾ ਨਿਹੰਗ ਖਾਨ ਕੋਲ ਪਹੁੰਚੇ ਅਤੇ 6 ਦਸੰਬਰ ਦਾ ਸਾਰਾ ਦਿਨ ਕੋਟਲਾ ਨਿਹੰਗ ਖਾਨ ਕੋਲ ਗੁਜਾਰਿਆ ਸੀ ਅਤੇ ਫਿਰ ਉਥੋਂ ਚਮਕੌਰ ਸਾਹਿਬ ਵਲ ਚਲੇ ਗਏ ਅਤੇ ਦੂਜੇ ਦਿਨ ਸ਼ਾਮ ਤਕ ਚਮਕੌਰ ਸਾਹਿਬ ਗਰੀਬੂ ਦੀ ਹਵੇਲੀ (ਪ੍ਰੋ ਪਿਆਰਾ ਸਿੰਘ ਦੀ ਪੁਸਤਕ ਗੋਬਿੰਦ ਸਾਗਰ ਸਫ਼ਾ 39 ਅਨੁਸਾਰ ਭਾਈ ਬੁਧੀ ਚੰਦ ਦੀ ਹਵੇਲੀ) ਪਹੁੰਚ ਗਏ ਅਤੇ ਸਾਰੀ ਰਾਤ ਮੁਗਲ ਫ਼ੌਜ ਨਾਲ ਇਤਿਹਾਸਕ ਜੰਗ ਲੜੀ।ਮੁੱਠੀ ਭਰ ਸਿੰਘਾਂ ਨੇ ਵਿਸ਼ਾਲ ਦੁਸ਼ਮਣ ਦੀ ਫ਼ੌਜ ਦਾ ਟਾਕਰਾ ਕੀਤਾ ਸੀ। ਗੁਰੂ ਜੀ ਪੰਜਾਂ ਪਿਆਰਿਆਂ 'ਚੋਂ ਤਿੰਨ ਪਿਆਰੇ ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਦੋਵੇਂ ਵੱਡੇ ਸਾਹਿਬਜਾਦਿਆਂ ਨੂੰ ਸ਼ਹੀਦ ਕਰਵਾ ਕੇ ਰਾਤ ਸਮੇਂ ਗੜ੍ਹੀ ਛਡ ਕੇ ਮਾਛੀਵਾੜੇ ਵਲ ਚਲੇ ਗਏ ਸਨ।

ਗੁਰੂ ਜੀ ਨੂੰ ਪੰਜ ਸਿੰਘਾਂ ਦੇ ਹੁਕਮ ਨੇ ਚਮਕੌਰ ਦੀ ਗੜ੍ਹੀ ਤੋਂ ਚਲੇ ਜਾਣ ਲਈ ਮਜ਼ਬੂਰ ਕੀਤਾ ਸੀ।ਗਨੀ ਖਾਂ ਅਤੇ ਨਬੀ ਖਾਂ ਬਿਲਾਸਪੁਰ ਦੇ ਰਾਜੇ ਦੀ ਫ਼ੌਜ ਵਿਚ ਨੌਕਰ ਸਨ ਅਤੇ ਉਨ੍ਹਾਂ ਨੇ ਹੀ ਗੁਰੂ ਜੀ ਨੂੰ ਗੜ੍ਹੀ ਛਡਣ ਸਮੇਂ ਭੇਸ ਵਟਾਉਣ ਲਈ ਮੁਗਲ ਸਿਪਾਹੀਆਂ ਦੇ ਕਪੜੇ ਭੇਜੇ ਸਨ ਤਾਂ ਕਿ ਗੁਰੂ ਜੀ ਨੂੰ ਕੋਈ ਪਛਾਣ ਨਾ ਸਕੇ।

"ਚਮਕੌਰ ਸਾਹਿਬ ਤੋਂ ਹਜ਼ੂਰ ਨੂੰ ਨਿਕਲਣ ਵਿਚ ਗਨੀ ਖਾਂ ਤੇ ਨਬੀ ਖਾਂ ਨੇ ਭਾਰੀ ਸਹਾਇਤਾ ਕੀਤੀ।ਚਮਕੌਰ ਦੇ ਘੇਰੇ ਸਮੇਂ ਇਹ ਭੀ ਵੈਰੀ ਦਲ ਵਿਚ ਸਨ। ................ ਇਨ੍ਹਾਂ ਗੁਰੂ ਸਾਹਿਬ ਨੂੰ ਕਿਹਾ ਕਿ ਤੁਰਤ ਇਹ ਗੜ੍ਹੀ ਛਡ ਦੇਣੀ ਚਾਹੀਦੀ ਹੈ।ਗਨੀ ਖਾਂ ਤੇ ਨਬੀ ਖਾਂ ਨਾਲ ਇਹ ਵੀ ਅੰਦਰੋਂ ਮਸ਼ਵਰਾ ਹੋਇਆ ਕਿ ਗੁਰੂ ਜੀ ਕਿਵੇਂ ਬਾਹਰ ਆਉਣ? ਫੈਸਲਾ ਹੋਇਆ ਕਿ ਚਾਰ ਬਾਹੀਆਂ ਤੋਂ ਤਿੰਨ ਪਿਆਰੇ ਤੇ ਚੌਥੇ ਆਪ ਗੁਰੂ ਜੀ ਛਾਲਾਂ ਮਾਰਕੇ ਬਾਹਰ ਆ ਜਾਣ। ਗਨੀ ਖਾਂ ਨਬੀ ਖਾਂ ਨੇ ਮੁਗਲਾਂ ਦੀਆਂ ਵਰਦੀਆਂ ਭਿਜਵਾਈਆਂ ਤਾਂ ਕਿ ਉਹ ਪਹਿਨਕੇ ਨਿਕਲਣ ਨਾਲ ਕੋਈ ਸ਼ੱਕ ਨਹੀਂ ਪਵੇਗਾ।

ਉਸ ਸਮੇਂ ਗੜ੍ਹੀ ਅੰਦਰ ਕੇਵਲ ਗਿਆਰਾਂ ਸਿੰਘ ਰਹਿ ਗਏ ਸਨ। ਗਨੀ ਖਾਂ ਤੇ ਨਬੀ ਖਾਂ ਦਾ ਗੁਰੂ ਸਾਹਿਬ ਵਿਚ ਸਿਦਕ ਸੀ, ਉਹਨਾਂ ਇਹ ਵੀ ਬੇਨਤੀ ਕੀਤੀ ਕਿ ਇਥੋਂ ਮਾਛੀਵਾੜੇ ਪਧਾਰਿਆਂ ਜਾਵੇ। ਇਹ ਇਲਾਕਾ ਇਹਨਾਂ ਦਾ ਸੀ।"

ਚਮਕੌਰ ਸਾਹਿਬ ਦੀ ਗੜ੍ਹੀ ਛਡਣ ਤੋਂ ਪਹਿਲਾਂ ਮਾਛੀਵਾੜੇ ਪਹੁੰਚਣ ਲਈ ਗੁਰੂ ਜੀ ਨੇ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ, ਭਾਈ ਮਾਨ ਸਿੰਘ ਨੂੰ ਹੁਕਮ ਕੀਤਾ ਸੀ ਕਿ ਹਨੇਰੀ ਰਾਤ ਵਿਚ ਧਰੂ ਤਾਰੇ ਦੀ ਦਿਸ਼ਾ ਤਕ ਕੇ ਸਾਡੇ ਤਕ ਪਹੁੰਚਿਆ ਜਾਵੇ। ਗੁਰੂ ਜੀ ਰਾਤ ਦੇ ਹਨੇਰੇ ਵਿਚ ਦੁਸ਼ਮਣ ਦੀਆਂ ਸਫ਼ਾਂ ਚੀਰਦੇ ਹੋਏ ਬਾਹਰ ਨਿਕਲ ਗਏ ਪਰੰਤੂ ਮੁਗਲ ਫੌਜਾਂ ਲਾਚਾਰੀ ਵਿਚ ਹੱਥ ਮਲਦੀਆਂ ਰਹਿ ਗਈਆਂ।

ਸਤਿਗੁਰੂ ਜੀ ਜੰਡਸਰ ਪਹੁੰਚੇ ਤਾਂ ਇਕ ਪ੍ਰੇਮੀ ਸਿਖ ਨੇ ਗੁਰੂ ਜੀ ਨੂੰ ਪਛਾਣ ਕੇ ਦੁੱਧ ਛਕਾਇਆ। ਅੱਜ ਕਲ੍ਹ ਉਥੇ ਗੁਰਦੁਆਰਾ ਜੰਡ ਸਾਹਿਬ, ਉਸ ਇਤਿਹਾਸਕ ਯਾਦ ਵਜੋਂ ਹੈ। ਦੁਪਹਿਰ ਸਮੇਂ ਗੁਰੂ ਜੀ ਨੇ ਮਲ੍ਹਿਆਂ ਦੇ ਬੇਰ ਖਾਕੇ ਭੁੱਖ ਮਿਟਾਈ ਅਤੇ ਝਾੜਾਂ ਵਿਚ ਆਰਾਮ ਕੀਤਾ ਸੀ।ਉੱਥੇ ਹੁਣ ਗੁਰਦੁਆਰਾ ਝਾੜ ਸਾਹਿਬ ਕਾਇਮ ਹੈ।

ਫਿਰ ਇੱਥੋਂ ਅੱਗੇ ਚਾਲੇ ਪਾਏ ਅਤੇ ਰਾਤ ਪੈਣ ਤਕ ਮਾਛੀਵਾੜੇ ਦੀ ਜੂਹ ਵਿਚ ਪਹੁੰਚ ਗਏ। ਆਪ ਜੀ ਨੇ ਇਕ ਖੂਹ ਤੋਂ ਜਲ ਛਕਿਆ ਅਤੇ ਇਕ ਮਿਟੀ ਦੀ ਟਿੰਡ ਸਰਹਾਣੇ ਰੱਖਕੇ, ਉਪਰ ਆਪਣਾ ਸੀਸ ਰੱਖਕੇ ਬਿਰਾਜ ਗਏ।ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਤੇ ਭਾਈ ਮਾਨ ਸਿੰਘ ਵੀ ਗੁਰੂ ਜੀ ਨੂੰ ਲੱਭਦੇ ਹੋਏ ਉਥੇ ਪਹੁੰਚ ਗਏ। ਸਤਿਗੁਰਾਂ ਦੇ ਬਸਤਰ ਲੀਰੋ ਲੀਰ ਅਤੇ ਚਰਨਾਂ ਵਿਚ ਲਹੂ ਸਿੰਮਦਾ ਅਤੇ ਛਾਲੇ ਪਏ ਹੋਏ ਵੇਖਕੇ ਰੋ ਪਏ। ਅੰਮ੍ਰਿਤ ਵੇਲੇ ਸਿੰਘਾਂ ਨੇ ਖੂਹ ਤੋਂ ਆਪ ਵੀ ਇਸ਼ਨਾਨ ਕੀਤਾ ਅਤੇ ਗੁਰੂ ਜੀ ਨੂੰ ਵੀ ਕਰਵਾਇਆ ਅਤੇ ਫਿਰ ਨਿਤਨੇਮ ਕਰਨ ਵਿਚ ਰੁੱਝ ਗਏ।

ਪਹੁਫੁਟਾਲੇ ਸਮੇਂ ਬਾਗ ਦਾ ਰਾਖਾ ਮਾਹੀ ਵੀ ਆ ਗਿਆ, ਇਹ ਬਾਗ ਗੁਲਾਬੇ ਤੇ ਪੰਜਾਬੇ ਦਾ ਸੀ ਜੋ ਸਤਿਗੁਰਾਂ ਦੇ ਸ਼ਰਧਾਲੂ ਸਨ।ਪਤਾ ਲਗਾ ਤਾਂ ਉਹ ਗੁਰੂ ਜੀ ਨੂੰ ਆਪਣੇ ਗ੍ਰਹਿ ਵਿਖੇ ਲੈ ਆਏ ਅਤੇ ਭੋਜਨ ਛਕਾਇਆ। ਉਥੇ ਹੀ ਮਾਈ ਹਰਦੇਈ ਜੋ ਹਰ ਸਾਲ ਅਨੰਦਪੁਰ ਸਾਹਿਬ ਗੁਰੂ ਜੀ ਨੂੰ ਬਸਤਰ ਭੇਟ ਕਰਨ ਜਾਇਆ ਕਰਦੇ ਸਨ, ਨੂੰ ਦਰਸ਼ਨ ਦਿੱਤੇ ਅਤੇ ਉਸ ਤੋਂ ਬਸਤਰ ਪ੍ਰਾਪਤ ਕਰਕੇ ਇਕ ਨੀਲ ਦੇ ਮੱਟ ਵਿਚ ਉਹਨਾਂ ਬਸਤਰਾਂ ਨੂੰ ਰੰਗਿਆ ਗਿਆ। ਉਸ ਜਗ੍ਹਾਂ ਅੱਜ ਕੱਲ੍ਹ ਗੁਰਦੁਆਰਾ ਸ੍ਰੀ ਚੁਬਾਰਾ ਸਾਹਿਬ ਮੌਜੂਦ ਹੈ ਅਤੇ ਉਹ ਇਤਿਹਸਕ ਮੱਟ ਵੀ ਸਾਂਭਿਆ ਪਿਆ ਹੈ।

ਉਥੇ ਹੀ ਪਠਾਣ ਗਨੀ ਖਾਂ ਅਤੇ ਨਬੀ ਖਾਂ ਗੁਰੂ ਜੀ ਦੇ ਚਰਨਾਂ ਵਿਚ ਪਹੁੰਚੇ ਅਤੇ ਗੁਰੂ ਜੀ ਨੂੰ ਆਪਣੇ ਘਰ ਲੈ ਗਏ। ਉਹਨਾਂ ਦੇ ਘਰ ਗੁਰੂ ਜੀ ਨੇ "ਫਤਿਹਨਾਮਾ" ਨਾਮ ਸਿਰਲੇਖ ਹੇਠ ਇਕ ਇਤਿਹਾਸਕ ਪੱਤਰ ਬਾਦਸ਼ਾਹ ਔਰੰਗਜ਼ੇਬ ਵਲ ਲਿਖਿਆ ਸੀ। ਗਿਆਨੀ ਗਰਜਾ ਸਿੰਘ ਦੀ ਸੰਪਾਦਤ ਪੁਸਤਕ "ਗੁਰੂ ਕੀਆਂ ਸਾਖੀਆਂ" (ਰਚਨਕਾਲ 1790 ਈਸਵੀਂ ਰਚਿਤ ਸਰੂਪ ਸਿੰਘ ਕੌਸ਼ਿਸ਼) ਅਨੁਸਾਰ ਦੱਖਣ ਤੋਂ ਬਾਦਸ਼ਾਹ ਔਰੰਗਜ਼ੇਬ ਦਾ ਪੱਤਰ ਅਨੰਦਪੁਰ ਸਾਹਿਬ ਗੁਰੂ ਜੀ ਕੋਲ ਆਇਆ ਸੀ ਕਿ ਗੁਰੂ ਜੀ ਮਾਛੀਵਾੜੇ ਵਲ ਆ ਜਾਣ ਅਤੇ ਅਨੰਦਪੁਰ ਸਾਹਿਬ ਦਾ ਤਿਆਗ ਕਰ ਦੇਣ ਤਾਂ ਕਿ ਸਾਡੀ ਦੋਹਾਂ ਦੀ ਮੁਲਾਕਾਤ ਹੋ ਕੇ ਸਾਰੇ ਮਤ ਭੇਦ ਮਿਟਾਏ ਜਾਣ। ਗੁਰੂ ਜੀ ਮਾਛੀਵਾੜੇ ਵਲ ਆਉਣ ਤੇ ਮੁਗਲ ਫੌਜਾਂ ਗੁਰੂ ਜੀ ਤੇ ਹਮਲਾ ਨਹੀਂ ਕਰਨਗੀਆਂ ਪਰੰਤੂ ਮੁਗਲ ਫੌਜਾਂ ਨੇ ਉਹ ਕੌਲ ਇਕਰਾਰ ਭੁਲਾ ਦਿੱਤੇ। ਇਸ ਦੀ ਹਾਮੀ ਪ੍ਰੋਫੈਸਰ ਪਿਆਰਾ ਸਿੰਘ ਪਦਮ ਨੇ ਪੁਸਤਕ "ਗੋਬਿੰਦ ਸਾਗਰ" ਅਤੇ "ਜ਼ਫ਼ਰਨਾਮਾ" ਵਿਚ ਭਰੀ ਹੈ।

ਮਾਛੀਵਾੜੇ ਗੁਰੂ ਜੀ ਨੇ ਗਨੀ ਖਾਂ ਅਤੇ ਨਬੀ ਖਾਂ ਦੀ ਮਦਦ ਨਾਲ ਮਾਈ ਹਰਦੇਈ ਵਾਲੇ ਭੇਟ ਕੀਤੇ ਬਸਤਰਾਂ ਨੂੰ ਨੀਲਾ ਰੰਗ ਦੇ ਕੇ ਉਚ ਦੇ ਪੀਰ ਦਾ ਸਰੂਪ ਬਣਾ ਆਪ ਜੀ ਇਕ ਪਲੰਘ ਤੇ ਬਿਰਾਜ ਗਏ। ਗਨੀ ਖਾਂ ਅਤੇ ਨਬੀ ਖਾਂ, ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਨੇ ਪਲੰਘ ਉਠਾ ਲਿਆ। ਭਾਈ ਮਾਨ ਸਿੰਘ ਜੀ ਚੌਰ ਦੀ ਸੇਵਾ ਕਰ ਰਹੇ ਸਨ, ਗਿਆਨੀ ਗਿਆਨ ਸਿੰਘ ਜੀ ਗਰੰਥ "ਸ੍ਰੀ ਗੁਰੂ ਪੰਥ ਪ੍ਰਕਾਸ਼" ਵਿਚ ਲਿਖਦੇ ਹਨ:- ਹਾਜੀਆਂ ਕਾ ਬੇਖ ਧਰਿ ਮੰਚ ਪਰ ਚਾਲੇ ਚਰਿ, ਸਿੱਖਨ ਕੋ ਵੈਸੇ ਹੀ ਕਠਾਏ ਵੇਸ ਰੁੱਚ ਕੇ।

ਗਨੀ ਖਾਨ ਨਬੀ ਖਾਨ ਮਾਨ ਸਿੰਘ ਧਰਮ ਸਿੰਘ, ਲਾਗੇ ਚਾਰੋਂ, ਓਰਿ ਯਹਿ ਮੰਚ ਕੋ ਮਨੁੱਚ ਕੇ।

ਮੰਚ ਕੋ ਉਠਇ ਚਲੇ ਮੋਦ ਮਨਿ ਪਾਇ ਵਹਿ, ਸੱਯਦ ਕਹਾਇ ਸਭਿ ਹਾਜੀ ਬਨਿ ਸੁੱਚ ਕੇ।

ਬੂਝੈਂ ਜਨ ਜੌਨ ਯਹਿ ਜਾਹਿ ਕੌਨ ਮੰਚ ਪਰ, ਗਨੀ ਖਾਨ ਕੈਹੈ ਤਾਂਹਿ ਏਹੁ ਪੀਰ ਉਚਕੇ।।

ਪ੍ਰੋ. ਪਿਆਰਾ ਸਿੰਘ ਪਦਮ ਦੀ ਪੁਸਤਕ "ਗੋਬਿੰਦ ਸਾਗਰ" ਦੇ ਪੰਨਾ 254 ਅਨੁਸਾਰ ਉਸ ਸਮੇਂ ਗੁਰੂ ਜੀ ਨਾਲ ਹੋਰ ਸ਼ਰਧਾਲੂ ਮੁਸਲਮਾਨ ਵੀ ਸਨ।ਚਮਕੌਰ ਸਾਹਿਬ ਤੋਂ ਮਾਛੀਵਾੜਾ ਅਤੇ ਅਗੋਂ ਹੇਹਰ ਤਕ ਮੁਸਲਮਾਨੀ ਦਬਦਬੇ ਵਾਲਾ ਇਲਾਕਾ ਸੀ ਅਤੇ ਗੁਰੂ ਜੀ ਨੇ ਉਚ ਦੇ ਪੀਰ ਦਾ ਭੇਸ ਬਣਾਇਆ ਹੋਇਆ ਸੀ। ਗੁਰੂ ਜੀ ਉਚ ਦੇ ਪੀਰ ਦੇ ਰੂਪ ਵਿਚ ਮਾਛੀਵਾੜੇ ਤੋਂ ਘੁਲਾਲ, ਕਨੇਚ, ਕਟਾਣਾ, ਨੰਦਪੁਰ, ਸਾਹਨੇਵਾਲ ਹੁੰਦੇ ਹੋਏ ਆਲਮਗੀਰ ਪਹੁੰਚੇ। ਉਥੇ ਗੁਰੂ ਜੀ ਨੂੰ ਭਾਈ ਨਗਾਹੀਆਂ ਸਿੰਘ ਨੇ ਘੋੜਾ ਭੇਟ ਕੀਤਾ ਸੀ ਭਾਈ ਨਬੀ ਖਾਂ, ਗਨੀ ਖਾਂ ਅਤੇ ਪੰਜ ਪੀਰ ਗੁਰੂ ਜੀ ਨੂੰ ਹੇਹਰ ਪਿੰਡ ਤਕ ਛਡ ਕੇ ਵਾਪਸ ਚਲੇ ਗਏ ਸਨ।

ਉਹ ਪਠਾਣ ਭਰਾ ਕਿੱਥੇ ਅਤੇ ਕਦੋਂ ਜੋਤੀ ਜੋਤ ਸਮਾਏ, ਇਸ ਬਾਰੇ ਕੋਈ ਵੀ ਪਤਾ ਨਹੀਂ ਲਗਦਾ ਹੈ। ਸਿਖ ਇਤਿਹਾਸ ਦੇ ਖੋਜੀਆਂ ਨੂੰ ਇਸ ਪੱਖ ਵਲ ਧਿਆਨ ਦੇਣਾ ਚਾਹੀਦਾ ਹੈ, ਤਾਂ ਕਿ ਉਹਨਾਂ ਗੁਰਸਿਖਾਂ ਦਾ ਇਤਿਹਾਸ, ਸਿਖ ਇਤਿਹਾਸ ਦੇ ਪ੍ਰੇਮੀਆਂ ਤੀਕ ਪਹੁੰਚ ਸਕੇ।

Foreign Tour

# A week in Singapore

Gitansh Saini

I recently visited my brother in Singapore. It was my second trip to the 'Lion City' and it was wonderful to go back again. As I had already visited most of the tourist places in Singapore during my first trip, this time I wanted to explore the city from a different perspective.

Singapore is a small island with 719 $km^2$ of area, about half the area of District Ropar. It is situated in southeast Asia on equator near Malaysia due to which It has a very same weather throughout the year. As the name Singapore (Singha-Pur : Singha means Lion and Pur means city) suggests it looks like an Indian place but thoroughly different in terms of a country. In ancient times traders from India, China, Malaysia and Indonesia etc. used to get there to trade off their commodities. And some of them settled there itself. Singapore is inhabited by 70% Chinese, 13% Indians and the rest are Malayans and others, living together with harmony and Integrity. Everyone celebrates each other's festivals together and with great enthusiasm.

After completing my journey of about five and a half hours when my plane was about to land in Singapore I saw outside the window and there was a spectacular view of ships anchored on the port. It was an incredible sight just like a painting. Stepping out of the terminal I could immediately smell the freshness in the air. Rows of shady trees and dense ornamental bushes by the roads dotted with sky-scrapers welcomed a visitor everywhere. Everything was so beautiful and picturesque that it seemed to be a fantasy world. No wonder why this city is known for its clean and refreshing environment. It took not more than half an hour soon to reach my brother's apartment.

Next day, I along with my brother and his friends went to Sentosa which is another island in Singapore. There are many places of interests on this island, such as S.E.A. Aquarium, Butterfly Garden, Madame Tussaud wax museum, Universal Studios, etc. There are few beaches as well. We too went to one of the beaches. While walking on the sand I felt cool breeze on my face, the sun glared down my body and it was just nice. We spent a few hours and had a great time there.

On another evening, we went to Clarke Quay which is a river side hangout place, there are many cafes, clubs and restaurants on the bank of the river, tourists like to spend a lot of time here. It was fully packed with people due to weekend.We had our dinner in one of the clubs.This city has an amazing night life.The whole ambience was so lively & energetic that we did not want to come back from that place.



Every evening we went around the town and visited some of the parks, markets and tried their local food.There is a variety of food in Singapore, a mixture of Southeast Asian countries' delicacies. I visited a few of the cinemas as well.

A place which left a deep impression on me is Orchard Road. It is like a shopping paradise, where beautifully decorated shopping malls can be seen everywhere. Walking on the street that is blazed with huge glowing screens and lights at night. All the stores are full of stuff one would like to buy. There is a feeling of excitement and a desire of setting foot in every store.

It was the time of Chinese New Year and I was lucky enough to be there during that time. Most places were decorated in red color which is seen as a sign of good luck and prosperity in Chinese culture. A night before the eve, fireworks could be seen at many places while we walked past the streets as per their tradition.

Despite being a small country with a population of about 5 million, Singapore has limited vehicles. Most of the people do not own vehicles as it is very expensive to own one, so they travel through metro trains or public buses. Yet many exotic and expensive cars can be seen on roads. I used metro train service to go about places. The metro service is very convenient and has such a good connectivity that it reaches almost every place in the city.People are very patient and disciplined while boarding the trains or even while crossing the streets.The numerous lights and the constant stream of traffic keep the city alive.

Days passed by in a flash. Soon, it was time to board the plane back home to India. I bade good-bye to this beautiful land with a desire to visit Singapore again.This country has got something interesting for every person irrespective of their age and culture, ranging from under water aquariums, museums, zoo, water parks, serene beaches, places of worship of different religions like Gurudwaras, Churches, Hindu & Chinese temples to markets, clubs, bars and typical fast life of a metro city.

Overall, it was an amazing trip and I enjoyed every moment of my stay in this beautiful city of Singapore. It gave me some unforgettable memories and I brought some good features of their society with me. There are many things like discipline, cultural Integrity and cleanliness that we can learn from the people of this small country which we can inculcate in our society.

Back home I started pondering over why we, in India, could not do what they have achieved in a short span of a few decades. The single answer that came to me is education. Unlike India, Singapore is about 97% literate. They stress on education and it is affordable. It is easier to effectively communicate the government policies and implement the laws in an educated society. That single thing was one of the greatest policy decision they took right from the beginning.

Unlike India they do not manufacture too many things but whatever places they have made are worth seeing. They hardly manufacture anything in Singapore. Even things of daily use are imported yet they are prosperous.

Unlike India God has not given Singapore too many natural resources but they had only one source of their prosperity i.e. Mother Nature which they worship, adorn, decorate and preserve so artfully that God bestowed prosperity upon them.

Unlike India Singapore does not have an old cultural history but they not only preserve their individual culture but respect and join activities of other cultures also. They celebrate festivals of all ethnic groups as a nation. Hence they live harmoniously and complement each other to achieve one goal i.e. prosperity.

Unlike India they emphasize on cultural integration of their low population density. We have a huge uneducated, culturally & selfishly divided population which is divided in so many castes, creeds, states, languages and beliefs. We have too many laws which are discriminately implemented. They have very strict laws and nobody is spared. The top most government officers and even their prime minister live like a common man. Everybody has to follow the same rules and laws. It makes Singapore a beautiful, clean and disciplined country moving in one direction i.e. prosperity.



Personal Experience

## *Ill Effects of Demonetization*

Adv. Baldev Singh Mundra
Mumbai

Our Honourable Prime Minister, Mr. Narendra Modi, had been speaking about Black money and removal of corruption from its roots during his election speeches and even thereafter.

With a view to control corruption and unearth the black money, Prime Minister of India declared the Demonetization of 500 and 1000 rupee currency notes on 8th November 2016, to be effective from 9th November, 2016.

Common Citizen understands that for overall developement of his country he would have to bear some pain and he is willing to co-operate with the government in any workable method. It was presumed that demonetization would be implemented properly without causing unreasonable problems for the common citizens but its implementation and management turned out to be extremely shoddy. Now, we understand that it was aimed to impress voters in view of U.P, Punjab, Goa, Manipur and Uttrakhand elections in February, March 2017.

**Personal Experience of Cross - Country travel after the Demonetization:** We started from Ropar by road for Mumbai on 9th November, 2016. Toll booths on the way insisted for hundred or smaller notes. We had no option except to part with our limited ration of smaller notes in order to continue our journey.

We topped our fuel tank in Chandigarh and had night halt in ONGC guest house at Delhi. Being a retired employee of ONGC, I did not face any problem to clear the bill payment. On 10th November, 2016, we were surprised when charged toll on Delhi-Agra Express Highway though there were declarations for no toll charges by the G.O.I. There was mismatch between declarations and implementations that added to the miseries of the touring masses.

There was no facility to accept debit/credit card and my trip to various ATMs was futile as all nearby ATMs were locked. Fortunately, I had a cheque book and after a lot of persuation. I was able to settle the Bill at Taj Khemka Hotel (U.P.Govt.).

While visiting Taj Mahal, we found a few bewildered foreign tourists who had a day earlier exchanged their foreign currency to Indian rupees, now defunct, were not aware how to proceed hence. Tourism in India is going to deteriorate for mismanagement of Demonetization.

We could not make internet payment at KOTA (Rajasthan) due to some system rules. We rested for the night at Kota. Circumstances created by Demonetization discouraged us to prolong our stay in Kota for sightseeing. We made the staff of Kota Tourist bungalow to accept our cheque to clear the bill before we started our journey to Ahmedabad on 12th Nov, 2016. Our country at the moment is not geared up to do things without hard cash.

In Ahmedabad, we had booking for stay in ONGC Guest House. ONGC being my old company, they accepted my cheque without any difficulty.

We reached Mumbai on 14th November 2016. However we were not left with any new currency even to purchase peanuts on way from Bharuch. It took me a week to exchange two thousand rupees only that also after furnishing photo copies of PAN and that of senior citizen card.

During our journey we were forced to consume sweets (purchased from Ropar) for our survival in place of regular meals that were available against hard cash.

Demonetization decision was taken on an impulse without proper preparation. This scheme amounts to serving a half-baked cake to law abiding citizens. The so called Laudable

Mission of Black Money & control of Corruption was launched without proper preparation and plan to handle exigencies thus making it counterproductive. It has done more harm than good to our Nation. The corruption is increasing and Black Money may change location. Our farmer faced the cash crunch, Construction Industry was destroyed and the Tourism Industry was almost drowned.

Net results of Demonetization as against its intended aims appear to be.

| Expected Aim | Actual Outcome |
|---|---|
| Removal of Corruption | In increased corruption |
| Unearthing of Black Money | Change of location of Black Money |
| Increase of employment | Loss of Jobs has taken place |
| Increased tourism and hospitality | Destruction of tourism Hotel Industry |
| Increased foreign investment | Government lost its credibility |
| Establishment of Ramrajya | Destruction of even normal rajya |

Impulsive and improperly planned demonetization has dealt a near death blow to our economy in addition to avoidable sufferings apart from some deaths as a result of long queu for money withdrawal from banks

## ਬਾਬਾ ਗੁਰਦਿਆਲ ਸਿੰਘ ਸ਼ਰਧਾਂਜਲੀ



ਗੁਰਦੁਆਰਾ ਸੰਤ ਬਾਬਾ ਸਤਨਾਮ ਜੀ ਨੰਗਲ ਚੌਕ ਰੂਪਨਗਰ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦਿਆਲ ਸਿੰਘ ਪਹਿਲੀ ਮਾਰਚ 2017 ਨੂੰ ਸਵਰਗਵਾਸ ਹੋ ਗਏ। ਉਨ੍ਹਾਂ ਦੇ ਸਸਕਾਰ ਅਤੇ ਅੰਤਿਮ ਅਰਦਾਸ ਮੌਕੇ ਵੱਖ ਵੱਖ ਸਖ਼ਸ਼ੀਅਤਾਂ ਅਤੇ ਸੰਗਤਾਂ ਵਲੋਂ ਸ਼ਰਧਾਜਲੀ ਭੇਟ ਕੀਤੀ ਗਈ। ਸੈਣੀ ਭਵਨ ਦੇ ਪ੍ਰਬੰਧਕ ਵੀ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦੇ ਹਨ।



## ਆਸਟ੍ਰੇਲੀਆ 'ਚ ਸੈਣੀ ਨੌਜਵਾਨ ਹਰਜੀਤ ਲਸਾੜਾ

ਰਾਜਵਿੰਦਰ ਸਿੰਘ

ਸੈਣੀ ਨੌਜਵਾਨ ਹਰਜੀਤ ਲਸਾੜਾ ਪੁੱਤਰ ਸਮਾਜ ਸੇਵੀ ਸ. ਜਗੀਰ ਸਿੰਘ ਪਿੰਡ ਲਸਾੜਾ ਆਪਣੇ ਉਦੱਮੀ ਕਾਰਜਾਂ ਰਾਹੀ ਅੰਤਰਰਾਸ਼ਟਰੀ ਪੱਧਰ ਤੇ ਨਾਮਣਾ ਖੱਟ ਰਿਹਾ ਹੈ। ਆਸਟ੍ਰੇਲੀਆ ਦੇ ਸ਼ਹਿਰ ਮੈਲਬਰਨ ਦੇ 'ਸਾਊਥ ਮੌਰੈਂਗ' ਇਲਾਕੇ ਵਿੱਚ 25 ਫਰਵਰੀ 2017 ਨੂੰ 'ਪਹਿਲਾ ਸਿੱਖ ਪੰਜਾਬੀ ਲਘੂ ਫ਼ਿਲਮ ਮੇਲਾ' ਕਰਵਾਇਆ ਗਿਆ। ਇਸ ਮੇਲੇ ਵਿੱਚ 'ਨਸ਼ਿਆਂ ਵਿਰੁੱਧ ਲੜਾਈ' ਵਿਸ਼ਾ-ਵਸਤੂ ਤਹਿਤ 12 ਲਘੂ ਫ਼ਿਲਮਾਂ ਵਿਖਾਈਆਂ ਗਈਆਂ। ਪੰਜਾਬ ਤੋਂ ਪ੍ਰਸਿੱਧ ਫਿਲਮੀ ਹਸਤੀਆਂ ਰਣਬੀਰ ਰਾਣਾ, ਨਵਜੀਤ ਬੁੱਟਰ ਅਤੇ ਨਵਤੇਜ ਸੰਧੂ ਨੇ ਜੱਜਾਂ ਦੀ ਭੂਮਿਕਾ ਨਿਭਾਈ। ਪਹਿਲੇ, ਦੂਜੇ ਤੇ ਤੀਜੇ ਸਥਾਨ ਜਿੱਤਣ ਵਾਲੀਆਂ ਫ਼ਿਲਮਾਂ ਨੂੰ 2000, 1000 ਅਤੇ 500 ਡਾਲਰ ਇਨਾਮ ਦਿੱਤੇ ਗਏ। ਮੇਲੇ 'ਚ ਬ੍ਰਿਸਬਨ ਸ਼ਹਿਰ ਤੋਂ ਰੰਧਾਵਾ ਮੀਡੀਆ ਦੁਆਰਾ ਸੈਣੀ ਨੌਜਵਾਨ ਹਰਜੀਤ ਲਸਾੜਾ ਦੀ ਲਿਖੀ ਫ਼ਿਲਮ 'ਨਿਘਾਰ' ਪੇਸ਼ ਕੀਤੀ ਗਈ। ਜਿਸ ਵਿੱਚ ਸਥਾਨਿਕ ਕਲਾਕਾਰਾਂ ਦੁਆਰਾ ਸ਼ਰਾਬ ਕਾਰਨ ਡਿਗ ਰਹੀਆਂ ਪੰਜਾਬੀ ਕਦਰਾਂ ਕੀਮਤਾਂ ਨੂੰ ਬਾਖੂਬੀ ਦਿਖਾਇਆ ਗਿਆ।



ਹਰਜੀਤ ਲਸਾੜਾ ਬ੍ਰਿਸਬਨ 'ਚ ਕਲਾ, ਸਾਹਿੱਤ ਅਤੇ ਸਮਾਜ ਸੇਵਾ ਵਿਚ ਇੱਕ ਪ੍ਰਸ਼ਿਧ ਸਖਸ਼ੀਅਤ ਹੈ। ਉਹ ਉਥੇ ਰੁਜ਼ਗਾਰ ਕਮਾਉਣ ਦੇ ਨਾਲ ਨਾਲ, ਬ੍ਰਿਸਬਨ ਪ੍ਰੈੱਸ ਕਲੱਬ ਦਾ ਪ੍ਰਧਾਨ, ਇਨਡੋਜ਼ ਥੀਏਟਰ ਕੁਈਨਜ਼ਲੈਂਡ ਦੀ ਕੋਰ ਕਮੇਟੀ ਦੇ ਮੈਂਬਰ ਤੇ ਆਰਟਿਸਟ, ਪੰਜਾਬੀ ਟ੍ਰਿਬਿਊਨ ਦਾ ਪੱਤਰ ਪ੍ਰੇਰਕ, ਕਮਿਉਨਿਟੀ ਰੇਡਿਓ ਦਾ ਪੰਜਾਬੀ ਗਰੁੱਪ ਦਾ ਕਨਵੀਨਰ ਅਤੇ ਹੋਪਇੰਗ ਇਰਾ ਕਿਡਜ਼ ਚੈਰਿਟੀ ਔਰਗੇਨਾਈਜੇਸ਼ਨ ਸੰਸਥਾ ਦੇ ਪ੍ਰਧਾਨ ਹਨ। ਇਹ ਚੈਰਿਟੀ ਸੰਸਥਾ ਪੰਜਾਬ ਵਿੱਚ ਪੜ੍ਹਾਈ ਵਿੱਚ ਕਮਜ਼ੋਰ ਬੱਚਿਆਂ ਨੂੰ ਵੱਖਰੀ ਤਰ੍ਹਾਂ ਪੜ੍ਹਾਉਣ ਲਈ ਆਸਟ੍ਰੇਲੀਆ ਤੋਂ ਦਸਵੰਧ ਕੱਢਕੇ ਭੇਜਦੀ ਹੈ। ਇਸ ਸੰਸਥਾ ਨੇ ਪਿੰਡਾਂ ਵਿੱਚ ਲਾਇਬ੍ਰੇਰੀਆਂ ਚਲਾਉਣ ਦਾ ਤਹੱਈਆ ਵੀ ਕੀਤਾ ਹੈ। ਇਸ ਸਬੰਧ 'ਚ ਲਾਇਬ੍ਰੇਰੀ ਲਈ ਸਥਾਨ ਸਬੰਧਤ ਪਿੰਡ ਮੁਹੱਈਆ ਕਰੇਗਾ, ਕਿਤਾਬਾਂ, ਕਮਪਿਊਟਰ ਤੇ ਲਾਇਬ੍ਰੇਰੀਅਨ ਦੀ ਤਨਖਾਹ ਉਕਤ ਸੰਸਥਾ ਦੇਵੇਗੀ। ਇਨ੍ਹਾਂ ਉਦੱਮੀ ਕਾਰਜਾਂ ਲਈ ਹਰਜੀਤ ਲਸਾੜਾ ਨੂੰ ਸੈਣੀ ਭਵਨ ਰੂਪਨਗਰ, ਸ਼ਾਬਾਸ਼ ਭੇਜਦਾ ਹੈ।

## ਸਮਾਜ ਸੇਵਾ ਨੂੰ ਸਮਰਪਿਤ ਸ੍ਰੀਮਤੀ ਕਰਮਜੀਤ ਕੌਰ

ਰਵਿੰਦਰ ਸਿੰਘ ਮੁੰਦਰਾ



ਰੂਪਨਗਰ ਜ਼ਿਲ੍ਹੇ ਦੇ ਪਿੰਡ ਚਰਹੇੜੀ ਵਿੱਚ 8 ਅਕਤੂਬਰ 1934 ਨੂੰ ਸ੍ਰ: ਆਸਾ ਸਿੰਘ ਦੇ ਘਰ ਅਤੇ ਸ੍ਰੀਮਤੀ ਆਸਾ ਦੇਵੀ ਦੀ ਕੁੱਖੋਂ ਜਨਮੇ ਸ੍ਰੀਮਤੀ ਕਰਮਜੀਤ ਕੌਰ ਨੇ ਸਮਾਜ ਸੇਵਾ ਦੇ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਹੈ।ਸ੍ਰੀਮਤੀ ਕਰਮਜੀਤ ਕੌਰ ਨੇ ਭਾਵੇਂ ਮਿਡਲ ਤੱਕ ਹੀ ਵਿਦਿਆ ਪ੍ਰਾਪਤ ਕੀਤੀ ਪਰੰਤੂ ਆਪ ਜੀ ਨੇ ਆਪਣੀ ਲਗਨ ਅਤੇ ਸਮਾਜ ਸੇਵਾ ਨਾਲ ਸਮਾਜ ਵਿੱਚ ਨਿਵੇਕਲੀ ਥਾਂ ਬਣਾਈ ਅਤੇ ਸੈਣੀ ਬਰਾਦਰੀ ਦਾ ਨਾਂ ਉੱਚਾ ਕੀਤਾ।

ਆਪ ਜੀ ਦੀ ਦੀ ਸ਼ਾਦੀ ਪਿੰਡ ਘਨੌਲੀ ਦੇ ਉੱਘੇ ਅਜ਼ਾਦੀ ਘੁਲਾਟੀਏ ਕਵੀਸ਼ਰ ਹਰਨਾਮ ਸਿੰਘ ਦੇ ਪੁੱਤਰ ਐਡਵੋਕੇਟ ਸ੍ਰ: ਹਜ਼ੂਰਾ ਸਿੰਘ ਨਾਲ ਹੋਈ ਅਤੇ ਵਿਆਹ ਤੋਂ ਬਾਅਦ ਆਪ ਆਪਣੇ ਪਤੀ ਸਮੇਤ ਰੂਪਨਗਰ ਆ ਕੇ ਰਹਿਣ ਲੱਗੇ, ਜਿੱਥੇ ਆਪ ਜੀ ਦਾ ਸਮਾਜ ਸੇਵਾ ਦਾ ਸਫ਼ਰ ਸ਼ੁਰੂ ਹੋਇਆ।ਅੱਜ ਕੱਲ੍ਹ ਆਪ ਜੀ ਨਹਿਰੂ ਨਗਰ ਰੂਪਨਗਰ ਵਿਖੇ ਆਪਣੇ ਪਰਿਵਾਰ ਸਮੇਤ ਰਹਿ ਰਹੇ ਹਨ। ਜ਼ਿਕਰਯੋਗ ਹੈ ਕਿ ਮਰਹੂਮ ਸ੍ਰ:ਹਜ਼ੂਰਾ ਸਿੰਘ ਖੁਦ ਲੰਮਾ ਸਮਾਂ ਸਮਾਜ ਸੇਵਾ ਨੂੰ ਸਮਰਪਿਤ ਰਹੇ ਅਤੇ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੇ ਮੈਂਬਰ ਵੀ ਰਹੇ। ਉਹ ਖੁਦ ਭਾਰਤ ਸੇਵਕ ਸਮਾਜ ਅਤੇ ਜੁਵੇਨਾਈਲ ਜਸਟਿਸ ਬੋਰਡ ਦੇ ਚੇਅਰਮੈਨ ਤੋਂ ਇਲਾਵਾ ਕਈ ਸਰਕਾਰੀ ਅਤੇ ਗ਼ੈਰ ਸਰਕਾਰੀ ਕਮੇਟੀਆਂ ਨਾਲ ਜੁੜੇ ਰਹੇ। ਆਪ ਜੀ ਦਾ ਬੇਟਾ ਬਹਾਦਰਜੀਤ ਸਿੰਘ ਹਿੰਦੋਸਤਾਨ ਟਾਈਮਜ਼ ਅਤੇ ਪੰਜਾਬੀ ਟ੍ਰਿਬਿਊਨ ਅਖ਼ਬਾਰ ਦਾ ਪੱਤਰਕਾਰ ਹੈ ਅਤੇ ਰੂਪਨਗਰ ਪ੍ਰੈਸ ਕਲੱਬ ਦਾ ਪ੍ਰਧਾਨ ਵੀ ਹੈ,ਜਿਸ ਨੇ ਪੱਤਰਕਾਰਤਾ ਦੇ ਖੇਤਰ ਵਿੱਚ ਆਪਣੀ ਪਛਾਣ ਬਣਾਈ ਹੈ।

ਸ੍ਰੀਮਤੀ ਕਰਮਜੀਤ ਕੌਰ ਪਿਛਲੇ ਤਕਰੀਬਨ ਪੰਜ ਦਹਾਕਿਆਂ ਤੋਂ ਸਮਾਜ ਸੇਵਾ ਨੂੰ ਸਮਰਪਿਤ ਹਨ ਅਤੇ ਇਸ ਸਮੇਂ ਦੌਰਾਨ ਅਨੇਕਾਂ ਸਰਕਾਰੀ ਅਤੇ ਗ਼ੈਰ ਸਰਕਾਰੀ ਸੰਸਥਾਵਾਂ ਅਤੇ ਕਮੇਟੀਆਂ ਨਾਲ ਜੁੜੇ ਰਹੇ ਹਨ।ਆਪ ਜੀ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਲਾਈਫ ਮੈਂਬਰ ਹੋਣ ਦੇ ਨਾਲ ਨਾਲ ਪਿਛਲੇ ਤਕਰੀਬਨ 30 ਸਾਲਾਂ ਤੋਂ ਜ਼ਿਲ੍ਹਾ ਰੈਡ ਕਰਾਸ ਹਸਪਤਾਲ ਭਲਾਈ ਸ਼ਾਖਾ ਦੇ ਆਨਰੇਰੀ ਸਕੱਤਰ ਵਜੋਂ ਸੇਵਾ ਨਿਭਾਅ ਰਹੇ ਹਨ। ਇਸ ਤੋਂ ਇਲਾਵਾ ਆਪ ਪਿਛਲੇ ਤਕਰੀਬਨ 15 ਸਾਲਾਂ ਤੋਂ ਭਾਰਤ ਸੇਵਕ ਸਮਾਜ ਜ਼ਿਲ੍ਹਾ ਰੂਪਨਗਰ ਦੀ ਚੇਅਰਪਰਸਨ ਵਜੋਂ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਆਪ ਸਰਕਾਰੀ ਤੌਰ 'ਤੇ ਗਠਿਤ ਜ਼ਿਲ੍ਹਾ ਖਪਤਕਾਰ ਵਿਵਾਦ ਨਿਵਾਰਣ ਫੋਰਮ ਅਤੇ ਜੁਵੇਨਾਈਲ ਵੈਲਫੇਅਰ ਬੋਰਡ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮੈਂਬਰ ਵੀ ਰਹੇ।ਆਪ ਲੰਮਾਂ ਸਮਾਂ ਲੋਕ ਅਦਾਲਤਾਂ, ਨਹਿਰੂ ਯੁਵਾ ਕੇਂਦਰ ਨਾਲ ਵੀ ਜੁੜੇ ਰਹੇ।

ਸ੍ਰੀਮਤੀ ਕਰਮਜੀਤ ਕੌਰ ਨੇ ਵਡੇਰੀ ਉਮਰ ਦੇ ਬਾਵਜੂਦ ਸਮਾਜ ਸੇਵਾ ਦਾ ਜਜ਼ਬਾ ਕਾਇਮ ਰੱਖਿਆ ਹੋਇਆ ਹੈ ਅਤੇ ਅੱਜ ਵੀ ਰੈਡ ਕਰਾਸ ਸੁਸਾਇਟੀ ਦੀਆਂ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਆਪ ਜੀ ਨੇ ਸਮਾਜ ਸੇਵਾ ਲਈ ਕਈ ਵਾਰ ਰੈਡ ਕਰਾਸ ਸੁਸਾਇਟੀ ਦੇ ਜ਼ਿਲ੍ਹਾ ਪੱਧਰੀ ਅਤੇ ਸੂਬਾ ਪੱਧਰੀ ਪੁਰਸਕਾਰ ਪ੍ਰਾਪਤ ਕੀਤੇ, ਜਿਨ੍ਹਾਂ ਵਿੱਚ ਸੂਬਾ ਪੱਧਰੀ ਚਾਂਦੀ ਦਾ ਤਗਮਾ ਵੀ ਸ਼ਾਮਲ ਹੈ।ਆਪ ਜੀ ਨੂੰ ਆਜ਼ਾਦੀ ਦਿਵਸ ਅਤੇ ਗਣਤੰਤਰ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮਾਂ ਦੌਰਾਨ ਸਨਮਾਨਿਤ ਹੋਣ ਦਾ ਵੀ ਮਾਣ ਪ੍ਰਾਪਤ ਹੈ। ਸਮਾਜ ਸੇਵਾ ਨੂੰ ਸਮਰਪਿਤ ਕਰਮਜੀਤ ਕੌਰ ਵਡੇਰੀ ਉਮਰ ਵਿੱਚ ਵੀ ਸਮਾਜ ਸੇਵਾ ਦੇ ਕਾਰਜਾਂ ਵਿੱਚ ਆਪਣੀ ਹਾਜ਼ਰੀ ਯਕੀਨੀ ਬਣਾਉਂਦੇ ਹਨ। ਕਰਮਜੀਤ ਕੌਰ ਸਮਾਜ ਦੇ ਲੋਕਾਂ ਲਈ ਪ੍ਰੇਰਣਾ ਸਰੋਤ ਹਨ ਅਤੇ ਸੈਣੀ ਭਵਨ ਦੇ ਪ੍ਰਬੰਧਕ ਬਰਾਦਰੀ ਦੀ ਇਸ ਮਹਾਨ ਸਮਾਜ ਸੇਵਕਾ ਦੀਆਂ ਸੇਵਾਵਾਂ 'ਤੇ ਗੌਰਵ ਮਹਿਸੂਸ ਕਰਦੇ ਹਨ।





## ਜ਼ਿੰਦਗੀ

ਸੁਰਿੰਦਰ ਕੌਰ ਸੈਣੀ
ਰੂਪਨਗਰ

ਆਪਣੀਆਂ ਖ਼ਾਹਿਸ਼ਾਂ ਲਈ ਜੀਉਣਾ ਨਾ ਜ਼ਿੰਦਗੀ।
ਕਿਸੀ ਮਜ਼ਲੂਮ ਦੀ ਮਦਦ ਕਰਨਾ ਹੀ ਹੈ ਜ਼ਿੰਦਗੀ।
ਹੰਝੂਆਂ ਦਾ ਅੱਜ ਤੱਕ ਨਾ ਕੋਈ ਮਜ਼੍ਹਬ ਹੋਇਆ,
ਬੋਲ ਹਮਦਰਦੀ ਦੇ ਬੋਲਣਾ ਹੀ ਹੈ ਜ਼ਿੰਦਗੀ।
ਨੇਕੀ ਤੇ ਸੱਚਾਈ ਹੁੰਦੀ ਸਾਰੀ ਜ਼ਿੰਦਗੀ ਦੀ ਪੂੰਜੀ,
ਇਨਸਾਨੀਅਤ ਨਾਲ ਪਿਆਰ ਹੀ ਹੈ ਜ਼ਿੰਦਗੀ।
ਬੇਸਹਾਰੇ ਦਾ ਆਸਰਾ ਬਣਨਾ ਸਿੱਖ ਲੈ ਬੰਦਿਆ,
ਸਿਖਰ ਦੁਪਹਿਰੇ ਛਾਂ ਬਣ ਜਾਣਾ ਹੀ ਹੈ ਜ਼ਿੰਦਗੀ
ਚੰਗੇ ਕੰਮਾਂ ਲਈ ਰੱਬ ਦੀਆਂ ਰਹਿਮਤਾਂ ਬਥੇਰੀਆਂ,
ਕਿਸੇ ਗਰੀਬ ਦੀ ਅਸੀਸ ਲੈਣਾ ਹੀ ਹੈ ਜ਼ਿੰਦਗੀ।
ਪਾ ਲੈ ਮੰਜ਼ਿਲ ਬੰਦਿਆ ਤੂੰ ਹੌਂਸਲਾ ਬੁਲੰਦ ਕਰਕੇ,
ਡਿੱਗਦੇ ਢਹਿੰਦੇ ਦੀ ਉਂਗਲ ਫੜਣਾ ਹੀ ਹੈ ਜ਼ਿੰਦਗੀ।।

# ਸਾਲ 2016-17 ਦੌਰਾਨ ਸੈਣੀ ਭਵਨ ਦੇ ਭਲਾਈ ਕਾਰਜਾਂ 'ਤੇ ਇੱਕ ਝਾਤ

ਇੰਜ. ਕਰਨੈਲ ਸਿੰਘ



**ਸਾਲਾਨਾ ਸੈਣੀ ਸੰਮੇਲਨ:-**

ਸੈਣੀ ਭਵਨ ਰੂਪਨਗਰ ਵਲੋਂ ਹਰ ਸਾਲ ਦੀ ਤਰ੍ਹਾਂ "ਸਾਲਾਨਾ ਸੈਣੀ ਸੰਮੇਲਨ" 02 ਅਪ੍ਰੈਲ 2016 ਨੂੰ ਕਰਵਾਇਆ ਗਿਆ ਜਿਸ ਵਿੱਚ ਬਤੌਰ ਮੁੱਖ ਮਹਿਮਾਨ ਹਰਿਆਣਾ ਦੇ ਕੁਰੂਕਸ਼ੇਤਰ ਤੋਂ ਲੋਕ ਸਭਾ ਮੈਂਬਰ ਸ਼੍ਰੀ ਰਾਜ ਕੁਮਾਰ ਸੈਣੀ ਨੇ ਸ਼ਿਰਕਤ ਕੀਤੀ।ਮੁੱਖ ਮਹਿਮਾਨ ਜੀ ਨੇ ਸੈਣੀ ਭਵਨ ਵਲੋਂ ਸਮਾਜਿਕ ਅਤੇ ਸੈਣੀ ਬਰਾਦਰੀ ਦੀ ਬਿਹਤਰੀ ਲਈ ਕੀਤੇ ਜਾ ਰਹੇ ਉਪਰਾਲਿਆ ਦੀ ਭਰਪੂਰ ਸ਼ਲਾਘਾ ਕੀਤੀ।ਉਨ੍ਹਾਂ ਸੈਣੀ ਬਰਾਦਰੀ ਨੂੰ ਹੋਰ ਇਕ ਮੁੱਠ ਹੋ ਕੇ ਕੰਮ ਕਰਨ ਲਈ ਕਿਹਾ। ਸਮਾਗਮ ਦੌਰਾਨ ਬਰਾਦਰੀ ਦੀਆਂ ਸਿਰਕੱਢ ਸਖਸ਼ੀਅਤਾਂ:- ਪ੍ਰਿੰਸੀਪਲ ਸੁਰਮੁਖ ਸਿੰਘ (ਬੇਲਾ ਕਾਲਜ) ਪ੍ਰਿੰਸੀਪਲ ਦਰਸ਼ਨਜੀਤ ਸਿੰਘ ਚੰਡੀਗੜ੍ਹ, ਤਹਿਸੀਲਦਾਰ ਸਰਬਜੀਤ ਸਿੰਘ (ਹਵੇਲੀ ਕਲਾਂ), ਖੂਨਦਾਨੀ ਤਰਸੇਮ ਸੈਣੀ ਨੰਗਲ, ਯੂਥ ਕੋਆਰਡੀਨੇਟਰ ਸ਼੍ਰੀ ਸੁਰਿੰਦਰ ਸੈਣੀ ਅਤੇ ਪ੍ਰੋ ਮਲਕੀਤ ਸਿੰਘ (ਮਹਿਤਪੁਰ) ਦਾ ਸਨਮਾਨ ਕੀਤਾ ਗਿਆ। ਬਰਾਦਰੀ ਦੀ ਬੇਹਤਰੀ ਲਈ 7 ਮਤੇ ਪਾਸ ਕੀਤੇ ਗਏ। ਸੰਮੇਲਨ 'ਚ ਹੋਰਨਾ ਤੋਂ ਇਲਾਵਾ ਹਰਿਆਣਾ ਦੇ ਸਾਬਕਾ ਵਿਧਾਇਕ ਸ਼੍ਰੀ ਰੋਸ਼ਨ ਲਾਲ ਆਰੀਆ ਗੁੱਜਰ, ਐਡਵੋਕੇਟ ਪਵਨ ਸੈਣੀ, ਸਾਬਕਾ ਐਮ. ਪੀ. ਸ਼੍ਰੀ ਚਰਨਜੀਤ ਸਿੰਘ ਚੰਨੀ ਨਵਾਂ ਸ਼ਹਿਰ, ਸ਼੍ਰੀ ਕਮਲ ਚੌਧਰੀ ਹੁਸ਼ਿਆਰਪੁਰ ਅਤੇ ਸੈਣੀ ਬਰਾਦਰੀ ਦੇ ਪਤਵੰਤੇ ਵਿਅਕਤੀ ਵੀ ਸ਼ਾਮਿਲ ਹੋਏ।

**ਨਵਾਂ ਸ਼੍ਰੀ ਐਲ. ਆਰ. ਮੁੰਦਰਾ ਸਕਾਲਰਸਿੱਪ:-**

ਇਸ ਸਾਲ ਸੰਸਥਾ ਦੇ ਚੇਅਰਮੈਨ ਸ਼੍ਰੀ ਐਲ. ਆਰ. ਮੁੰਦਰਾ ਵਲੋਂ ਬਰਾਦਰੀ ਦੇ ਹੋਣਹਾਰ ਵਿਆਕਤੀਆਂ ਨੂੰ ਉੱਚ-ਸਿੱਖਿਆ ਤੇ ਖੋਜ ਕਾਰਜਾਂ ਨੂੰ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਖੁਦ ਦੇ ਨਾਮ 'ਤੇ ਸਕਾਲਰਸਿੱਪ ਅਰੰਭ ਕੀਤਾ ਹੈ। ਸ਼੍ਰੀ ਮੁੰਦਰਾ ਨੇ ਇਸ ਸਬੰਧ ਵਿਚ ਸੈਣੀ ਚੈਰੀਟੇਬਲ ਐਜੁਕੇਸ਼ਨ ਟਰੱਸਟ (ਰਜਿ.) ਨੂੰ 70 ਲੱਖ ਰੁਪਏ ਦੀ ਰਕਮ ਦਾਨ ਕੀਤੀ ਹੈ ਜਿਸ ਦੇ ਵਿਆਜ ਵਿੱਚੋਂ 25 ਹਜਾਰ ਰੁਪਏ ਮਹੀਨਾ ਲਾਭਪਾਤਰੀ ਨੂੰ ਦਿੱਤਾ ਜਾਵੇਗਾ।

**ਐਮ.ਡੀ. ਦੀ ਪੜ੍ਹਾਈ ਮੁਕੰਮਲ ਕਰਨ ਲਈ ਲੋੜਵੰਦ ਨੂੰ 5 ਲੱਖ ਰੁਪਏ ਦੀ ਸਹਾਇਤਾ:-**

ਸੈਣੀ ਭਵਨ ਦੇ ਪ੍ਰਬੰਧਕ ਆਪਣੇ ਮਾਨਵਤਾ ਪੱਖੀ ਕਾਰਜਾਂ ਲਈ ਪ੍ਰਸਿੱਧ ਹਨ। ਇਸ ਨੇਕ ਕਾਰਜ ਵਿੱਚ ਵਾਧਾ ਕਰਦਿਆਂ ਸੈਣੀ ਭਵਨ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਗੜ੍ਹਸ਼ੰਕਰ ਦੀ ਵਿਧਵਾ ਤੇ ਬੇਸਹਾਰਾ ਔਰਤ ਦੇ ਲੜਕੇ ਦੀ ਐਮ.ਡੀ. ਦੇ ਆਖਰੀ ਸਾਲ ਦੀ ਪੜ੍ਹਾਈ ਮੁਕੰਮਲ ਕਰਨ ਲਈ ਫੀਸ ਦੇਣ ਲਈ 5 ਲੱਖ ਰੁਪਏ ਦੀ ਵਿੱਤੀ ਸਹਾਇਤਾ ਕੀਤੀ ਹੈ।

**ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" :-** ਸਾਲ 2016 ਦੌਰਾਨ ਸੰਸਥਾ ਵਲੋਂ ਸਮਾਜਿਕ ਚੇਤਨਤਾ ਦੇ ਪ੍ਰਤੀਕ ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦੇ ਚਾਰ ਅੰਕ 21ਵਾਂ, 22ਵਾਂ, 23ਵਾਂ ਅਤੇ 24ਵਾਂ ਸਫਲਤਾਪੂਰਬਕ ਜਾਰੀ ਕੀਤੇ ਗਏ।ਇਨ੍ਹਾਂ ਨੂੰ ਰਿਲੀਜ਼ ਕਰਨ ਦੀ ਰਸਮ ਕ੍ਰਮਵਾਰ ਐਮ. ਪੀ. ਸ਼੍ਰੀ ਰਾਜ ਕੁਮਾਰ ਸੈਣੀ, ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਸ. ਹਰਭਾਗ ਸਿੰਘ ਸੈਣੀ, ਸਮਾਜ ਸੇਵਕ ਕਮਲਦੀਪ ਸੈਣੀ ਅਤੇ ਰੂਪਨਗਰ ਦੇ ਡਿਪਟੀ ਕਮਿਸ਼ਨਰ ਸ਼੍ਰੀ ਕਰਨੇਸ਼ ਸ਼ਰਮਾ ਵਲੋਂ ਨਿਭਾਈ ਗਈ।ਇਹ ਮੈਗਜ਼ੀਨ ਬਰਾਦਰੀ ਦੀ ਆਪਣੀ ਆਵਾਜ਼ ਹੈ। ਇਹ ਪੰਜਾਬ ਵਿਚ ਹੀ ਨਹੀਂ ਸਗੋਂ ਪੰਜਾਬ ਤੋਂ ਬਾਹਰ ਹੋਰ ਸੂਬਿਆਂ ਅਤੇ ਵਿਦੇਸ਼ਾਂ ਵਿਚ ਵੀ ਬਰਾਦਰੀ ਨੂੰ ਇਕ ਮੰਚ ਤੇ ਲਿਆਉਣ ਲਈ ਵਿਚਾਰਾਂ ਦੀ ਸਾਂਝ ਦਾ ਆਦਾਨ-ਪ੍ਰਦਾਨ ਕਰ ਰਿਹਾ ਹੈ।ਸਭ ਤੋਂ ਜ਼ਰੂਰੀ ਅਤੇ ਮਹੱਤਵਪੂਰਨ ਕੰਮ ਲੜਕੇ-ਲੜਕੀਆਂ ਦੇ ਰਿਸ਼ਤਿਆਂ ਲਈ ਬਹੁਤ ਲਾਭਦਾਇਕ ਸਿੱਧ ਹੋਇਆ ਹੈ।

**ਸਾਲਾਨਾ ਸਿੱਖਿਆ ਸਮਾਰੋਹ:-**

ਸੈਣੀ ਚੈਰੀਟੇਬਲ ਐਜੁਕੇਸ਼ਨ ਟਰੱਸਟ ਵਲੋਂ 8 ਅਕਤੂਬਰ 2016 ਨੂੰ ਸੈਣੀ ਭਵਨ ਰੂਪਨਗਰ ਵਿਖੇ ਪ੍ਰਭਾਵਸ਼ਾਲੀ ਸਾਲਾਨਾ ਸਿੱਖਿਆ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਦੌਰਾਨ ਸਿੱਖਿਆ 'ਚ ਬਿਹਤਰ ਨਤੀਜੇ ਹਾਸਲ ਕਰਨ ਵਾਲੇ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੇ 96 ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਜਾਰੀ ਰੱਖਣ ਲਈ 6 ਲੱਖ, 48 ਹਜ਼ਾਰ 4 ਸੌ ਰੁਪਏ ਦੇ ਸਕਾਲਰਸ਼ਿਪ ਵੰਡੇ ਗਏ। ਸਮਾਰੋਹ ਦੇ ਮੁੱਖ ਮਹਿਮਾਨ ਸ਼੍ਰੀ ਕਮਲਦੀਪ ਸੈਣੀ ਕਲੋਨਾਇਜ਼ਰ ਸਨ। ਉਨ੍ਹਾਂ ਸਮਾਜਿਕ ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ ਸੰਸਥਾ ਨੂੰ 21 ਹਜ਼ਾਰ ਰੁਪਏ ਦਿੱਤੇ।

**ਸਾਲਾਨਾ ਭਾਸ਼ਣ ਪ੍ਰਤਿਯੋਗਤਾ:-**

ਵਿਦਿਆਰਥੀਆਂ ਅੰਦਰ ਆਤਮਵਿਸ਼ਵਾਸ ਅਤੇ ਮੁਕਾਬਲੇ ਦੀ ਭਾਵਨਾ ਨੂੰ ਦ੍ਰਿੜ ਬਣਾਉਣ ਲਈ ਸਮਾਜ ਦੇ ਭਖਦੇ ਮਸਲਿਆਂ ਬਾਰੇ 24 ਸਤੰਬਰ 2016 ਨੂੰ ਵਿਦਿਆਰਥੀਆਂ ਦੀ ਸਾਲਾਨਾ ਭਾਸ਼ਣ ਪ੍ਰਤਿਯੋਗਤਾ ਕਰਵਾਈ ਗਈ। ਟਰੱਸਟ ਵਲੋਂ ਅੰਗਰੇਜੀ ਅਤੇ ਪੰਜਾਬੀ ਵਿੱਚ ਵੱਖਰੇ ਵੱਖਰੇ ਹੋਏ ਇਹਨਾਂ ਮੁਕਾਬਲਿਆਂ ਵਿਚ ਪਹਿਲੇ, ਦੂਜੇ, ਤੀਜੇ, ਚੌਥੇ ਅਤੇ ਪੰਜਵੇਂ ਸਥਾਨਾਂ ਤੇ ਆਏ 10 ਵਿਦਿਆਰਥੀਆਂ ਨੂੰ ਕ੍ਰਮਵਾਰ ਦੋ-ਦੋ ਹਜ਼ਾਰ, ਸੋਲਾਂ-ਸੋਲਾਂ ਸੌ, ਬਾਰਾਂ-ਬਾਰਾਂ ਸੌ, ਪੰਜ-ਪੰਜ ਸੌ ਦੇ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

**ਖੂਨਦਾਨ ਕੈਂਪ:-**

'ਖੂਨਦਾਨ-ਮਹਾਂਦਾਨ' ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਸੈਣੀ ਭਵਨ ਵਲੋਂ ਹਰ ਸਾਲ ਦੋ ਖੂਨਦਾਨ ਕੈਂਪ ਲਗਾ ਕੇ ਇਸ

ਕਾਰਜ ਵਿੱਚ ਵੀ ਪੂਰਾ ਯੋਗਦਾਨ ਪਾਇਆ ਜਾ ਰਿਹਾ ਹੈ। ਸਾਲ 2016-17 ਵਿਚ 3 ਜਨਵਰੀ 2016 ਅਤੇ 2 ਜੁਲਾਈ 2016 ਨੂੰ ਲਗਾਏ ਗਏ ਦੋ ਕੈਂਪਾਂ ਵਿਚ 135 ਵਿਅਕਤੀਆਂ ਨੇ ਖੂਨਦਾਨ ਕੀਤਾ।

### ਮਨੋਰੰਜਨ ਅਤੇ ਤਿਉਹਾਰ:-

ਮਨੁੱਖੀ ਦਿਮਾਗ/ਸਰੀਰ ਨੂੰ ਤਰੋ-ਤਾਜ਼ਾ ਰੱਖਣ ਲਈ ਮਨੋਰੰਜਨ ਦੀ ਲੋੜ ਵੀ ਹੈ। ਇਸ ਮੰਤਵ ਨਾਲ ਸੈਣੀ ਭਵਨ ਦੇ ਸਮਾਗਮਾਂ 'ਚ ਕਲਾਕਾਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸੈਣੀ ਭਵਨ ਦੇ ਸਿਖਲਾਈ ਸੈਂਟਰਾਂ ਵਿਚ ਪੜ੍ਹਦੀਆਂ ਸਿੱਖਿਆਰਥਣਾਂ ਵਲੋਂ ਸਮਾਗਮਾਂ ਮੌਕੇ ਮਨੋਰੰਜਨ ਦੇ ਪ੍ਰੋਗਰਾਮ ਕੀਤੇ ਜਾਂਦੇ ਹਨ ਅਤੇ ਤਿਉਹਾਰਾਂ ਨੂੰ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਸ ਲੜੀ ਤਹਿਤ ਸੈਣੀ ਭਵਨ ਵਿਖੇ ਇੰਨਰਵੀਲ੍ਹ ਕਲੱਬ ਰੂਪਨਗਰ ਦੇ ਸਹਿਯੋਗ ਨਾਲ ਤੀਆਂ ਦਾ ਤਿਉਹਾਰ ਤੋਂ ਇਲਾਵਾ ਸਿੱਖਿਆਰਥਣਾਂ ਨੇ ਲੋਹੜੀ ਦੇ ਤਿਉਹਾਰ ਮਨਾਏ।

### ਸਿਖਲਾਈ ਕੇਂਦਰ/ਸੈਂਟਰ:-

ਸੈਣੀ ਭਵਨ ਵਿੱਚ ਵਾਜ਼ਬ ਫ਼ੀਸਾਂ ਲੈ ਕੇ ਲੋੜਵੰਦ ਲੜਕੇ-ਲੜਕੀਆਂ ਲਈ ਸਿਲਾਈ ਕਢਾਈ ਸਕੂਲ, ਫੈਸ਼ਨ ਡਿਜ਼ਾਇਨ ਸੈਂਟਰ, ਬਿਊਟਿਸ਼ੀਅਨ ਆਰਟ ਸੈਂਟਰ ਤੇ ਕੰਪਿਊਟਰ ਸਿਖਲਾਈ ਸੈਂਟਰ ਚਲਾਏ ਜਾ ਰਹੇ ਹਨ ਜਿਨ੍ਹਾਂ ਵਿਚ ਅਤਿ ਆਧੁਨਿਕ ਸਮਾਨ ਨਾਲ ਸਿਖਲਾਈ ਦਿੱਤੀ ਜਾਂਦੀ ਹੈ। ਸਿੱਖਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਦੇ ਮੰਤਵ ਨਾਲ ਅਲੱਗ-ਅਲੱਗ ਕੰਮਾਂ ਦੇ ਮਾਹਰਾਂ ਨੂੰ ਬੁਲਾ ਕੇ ਸਪੈਸ਼ਲ ਟ੍ਰੇਨਿੰਗ ਵੀ ਕਰਵਾਈ ਜਾਂਦੀ ਹੈ। ਇਸ ਪ੍ਰੋਗਰਾਮ ਅਧੀਨ 29 ਮਈ 2016 ਨੂੰ ਪੀਡੀਲਾਈਟ ਕੰਪਨੀ ਚੰਡੀਗੜ੍ਹ ਵਲੋਂ 5 ਦਿਨਾਂ ਦੀ ਵਰਕਸ਼ਾਪ ਲਗਾਈ ਗਈ।

### ਬਰਾਦਰੀ ਦੀ ਬੇਹਤਰੀ ਲਈ ਏਕਤਾ ਦੇ ਉਪਰਾਲੇ:-

ਸੈਣੀ ਬਰਾਦਰੀ ਨੂੰ ਰਾਜਨੀਤਿਕ ਖੇਤਰ ਵਿਚ ਆਪਣਾ ਬਣਦਾ ਹੱਕ ਪ੍ਰਾਪਤ ਕਰਨ ਲਈ ਇੱਕਮੁਠ ਕਰਨ ਲਈ ਸੈਣੀ ਭਵਨ ਦੇ ਪ੍ਰਬੰਧਕ ਹਮੇਸ਼ਾ ਕਾਰਜਸ਼ੀਲ ਰਹਿੰਦੇ ਹਨ। ਇਸ ਉਦੇਸ਼ ਦੀ ਪੂਰਤੀ ਲਈ ਬਰਾਦਰੀ ਦੇ ਸਿਰਕੱਢ ਨੁਮਾਇੰਦਿਆਂ ਦਾ ਇੱਕ ਇਕੱਠ 9 ਫਰਵਰੀ 2016 ਨੂੰ ਕੀਤਾ ਗਿਆ ਜਿਸ ਵਿਚ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਸਾਰੇ ਜ਼ਿਲ੍ਹਿਆਂ ਵਿਚ ਅਜਿਹੀਆਂ ਮੀਟਿੰਗਾਂ ਕਰਕੇ ਬਰਾਦਰੀ ਦੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇ। ਬਰਾਦਰੀ ਦੇ ਕੁਝ ਹਿੰਮਤੀ ਵਿਅਕਤੀਆਂ ਨੇ ਸੈਣੀ ਅਬਾਦੀ ਵਾਲੇ ਇਲਾਕਿਆਂ ਵਿਚ ਇਕੱਠ ਕੀਤੇ।ਉਸ ਤੋਂ ਬਾਅਦ 14 ਮਈ 2016 ਨੂੰ ਨਵਾਂਸ਼ਹਿਰ ਇਕ ਭਾਰੀ ਤੇ ਪ੍ਰਭਾਵਸ਼ਾਲੀ ਇਕੱਠ ਕੀਤਾ ਗਿਆ ਪੰਜਾਬ ਦੇ ਸਾਰੇ ਇਲਾਕਿਆਂ ਦੇ ਨੁਮਾਂਇੰਦੇ ਆਉਣ ਕਰਕੇ 30000 ਦੇ ਕਰੀਬ ਇਕੱਠ ਹੋਇਆ। ਇਸ ਇਕੱਠ ਨੂੰ ਵੇਖਦੇ ਹੋਏ ਸੈਣੀ ਵੇਲਫੇਅਰ ਬੋਰਡ ਹੋਂਦ ਵਿਚ ਆਇਆ ਅਤੇ ਬਰਾਦਰੀ ਦੇ ਆਰਥਿਕ ਪੱਖੋ ਕਮਜ਼ੋਰ ਪਰਿਵਾਰਾਂ ਨੂੰ ਰਾਖਵੇਂਕਰਨ ਦਾ ਲਾਭ ਮਿਲਣਾ ਅਰੰਭ ਹੋਇਆ ਹੈ।

ਸੈਣੀ ਭਵਨ ਦੀ ਵਿਤੀ ਸਹਾਇਤਾ (5000 ਤੋਂ ਵੱਧ):- ਸਾਲ 2016 ਦੌਰਾਨ ਸੈਣੀ ਭਵਨ ਦੀ ਸਮਾਜ ਸੇਵੀ ਸੰਸਥਾ ਨੂੰ ਸਮਾਜ ਭਲਾਈ ਦੇ ਕਾਰਜਾਂ ਨੂੰ ਉੱਤਸਾਹਿਤ ਕਰਨ ਲਈ 20 ਦਾਨੀ ਸਖਸ਼ੀਅਤਾਂ, ਸੈਣੀ ਭਵਨ ਦੇ ਟਰੱਸਟੀ ਤੇ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਵਲੋਂ 5,38,100 ਹਜ਼ਾਰ ਰੁਪਏ ਦੀ ਵਿਤੀ ਸਹਾਇਤਾ ਪ੍ਰਾਪਤ ਹੋਈ।

**List of Donors More Than Rs. 5000 For Kaka Ram Saini Charitable Trust (Regd.) April 2016 to March 2017**

| | | |
|---|---|---|
| 1. | **S. Tarlochan Singh**<br>Chandigarh | **100000** |
| 2. | **S. Sukhwinder Singh**<br>Desumajra | **100000** |
| 3. | **S. Tarsem Saini Trustee**<br>Patiala | **100000** |
| 4. | **S. Baldev Singh Mundra**<br>**Mumbai** | **50000** |
| 5. | **S. Kamaldeep Singh Saini**<br>Behrampur Bet | **21000** |
| 6. | **Harbans Singh**<br>C.E. (Retd.) | **20000** |
| 7. | **Sh. L.R. Mundra Chairman**<br>Ropar | **20000** |
| 8. | **S. Bhagwan Singh**<br>Panchkula | **11000** |
| 9. | **S. Harbhag Singh**<br>Desumajra | **11000** |
| 10. | **Dr. Ajmer Singh Trustee**<br>**Ropar** | **10000** |
| 11. | **Tekpal Singh Trustee**<br>Faridabad | **10000** |
| 12. | **S. Tarlochan Singh**<br>Canada | **10000** |
| 13. | **S. Ajit Singh Cashier**<br>**Ropar** | **10000** |
| 14. | **S. Gurcharan Singh**<br>**Ropar** | **10000** |
| 15. | **S. Rajiv Saini Trustee, Ropar** | **10000** |
| 16. | **S. Manmohan Singh Ropar** | **10000** |
| 17. | **Smt. Chander Kanta Saini** | **5100** |
| 18. | **Sh. Rajinder Saini Trustee** | **5000** |
| 19. | **S. Amarjeet Singh Trustee** | **5000** |
| 20. | **S. Ram Singh Saini Trustee** | **5000** |
| 21. | **S. Harjeet Singh Girn** | **5000** |
| 22 | **S. Satish Kumar Trustee**<br>S.A.S. Nagar | **5000** |
| 23 | **S. Purn Singh**<br>Tauranga, New Zealand | **5000** |

ਕਹਾਣੀ

# ਅਕਲ

ਅਜਮੇਰ ਸਿੰਘ (ਡਾ.)



ਕਈ ਸਾਲਾਂ ਤੋਂ ਰਾਜਧਾਨੀ ਵਿਚ ਨੌਕਰੀ ਕਰਦਾ ਆ ਰਿਹਾ ਹਾਂ। ਲਗਾਤਾਰ ਬੱਸਾਂ ਦਾ ਸਫ਼ਰ ਕਰਨ ਦੀ ਆਦਤ ਜਿਹੀ ਪੈ ਗਈ ਹੈ। ਭਾਂਤ-ਸੁਭਾਂਤੀਆਂ ਸਵਾਰੀਆਂ ਦੀਆਂ ਰੰਗ-ਬਿਰੰਗੀਆਂ, ਮਸਾਲੇਦਾਰ, ਤੇਜ਼-ਤਰਾਰ ਗੱਲਾਂ ਸੁਣਨੇ ਦੇ ਵੀ ਮੇਰੇ ਕੰਨ ਆਦੀ ਹੋ ਗਏ ਹਨ। ਖਾਸ ਕਰ ਡਰਾਈਵਰ ਅਤੇ ਕੰਡਰਟਰਾਂ ਦੀਆਂ ਚੋਂਦੀਆਂ ਚੋਂਦੀਆਂ ਤੇ ਹੁਣ ਕੰਨਾਂ ਨੂੰ ਬੁਰੀਆਂ ਨਹੀਂ ਲਗਦੀਆਂ। ਨਾਲੇ ਉਂਝ ਵੀ ਡਰਾਈਵਰ ਅਤੇ ਕੰਡਕਟਰ ਹੋਏ, ਪੁਲੀਸ ਵਾਲੇ ਹੋਏ, ਹਰ ਗੱਲ ਨਾਲ ਗਾਲ੍ਹ ਕੱਢਣਾ ਇਨ੍ਹਾਂ ਦੀ ਆਦਤ ਹੈ ਜਾਂ ਫਿਰ ਗਾਲ੍ਹਾਂ ਇਨ੍ਹਾਂ ਦਾ ਤਕੀਆ ਕਲਾਮ ਹੀ ਬਣ ਗਈਆਂ ਹਨ।

ਇਕੋ ਸਮੇਂ 'ਤੇ ਸਭ ਦਫ਼ਤਰਾਂ ਵਾਲੇ ਬੱਸਾਂ ਫੜਦੇ ਹਨ। ਮੁਲਾਜ਼ਮਾਂ ਦੀ ਭੀੜ ਵਿਚ ਮੈਂ ਵੀ ਹੁੰਦਾ ਹਾਂ। ਬਹੁਤੀਆਂ ਸਵਾਰੀਆਂ ਰੋਜ਼ਾਨਾ ਡਿਊਟੀ 'ਤੇ ਜਾਣ ਵਾਲੀਆਂ ਹੀ ਹੁੰਦੀਆਂ ਹਨ। ਕਦੀ-ਕਦਾਈਂ ਕਈ ਹੋਰ ਵੀ ਹੁੰਦੇ ਹਨ। ਜਿੱਥੋਂ ਮੈਂ ਬੱਸ ਚੜ੍ਹਦਾ ਹਾਂ ਇੱਕ ਛੋਟਾ ਜਿਹਾ ਬੱਸ ਅੱਡਾ ਹੈ। ਉੱਥੇ ਵਿਚਕੂੰ-ਟਾਈਪ ਬੱਸਾਂ ਹੀ ਰੁਕਦੀਆਂ ਹਨ, ਜਿਹੜੀਆਂ ਹਰ ਬੱਸ ਅੱਡੇ 'ਤੇ ਰੁਕਦੀਆਂ ਜਾਂਦੀਆਂ ਹਨ, ਪਰ ਸਵੇਰ ਵੇਲੇ ਦੋ ਚਾਰ ਬੱਸਾਂ ਲੰਮੇ ਰੂਟ ਦੀਆਂ ਵੀ ਆਉਂਦੀਆਂ ਹਨ। ਉਹ ਸਾਡੇ ਅੱਡੇ ਵਿਚ ਤਕਰੀਬਨ ਰੁਕ ਜਾਂਦੀਆਂ ਹਨ ਜਾਂ ਇਸ ਲਾਲਚ ਨਾਲ ਕਿ 10-15 ਸਿੱਧੀਆਂ ਰਾਜਧਾਨੀ ਦੀਆਂ ਸਵਾਰੀਆਂ ਮਿਲ ਜਾਂਦੀਆਂ ਹਨ।

ਅੱਜ ਜਿਸ ਬੱਸ ਵਿਚ ਮੈਂ ਚੜ੍ਹਿਆ, ਉਹ ਲੰਮੇ ਰੂਟ ਦੀ ਬੱਸ ਸੀ। ਇਸ ਬੱਸ ਦਾ ਡਰਾਈਵਰ ਤਕਰੀਬਨ ਇਹੀ ਹੁੰਦਾ ਹੈ, ਪਰ ਕੰਡਕਟਰ ਕਲ੍ਹ ਹੋਰ ਸੀ ਅਤੇ ਅੱਜ ਹੋਰ ਹੈ। ਬੱਸ ਚੜ੍ਹਦਿਆਂ ਹੀ ਕੰਡਕਟਰ ਨੇ ਟਿਕਟਾਂ ਕੱਟੀਆਂ ਅਤੇ ਉਹ ਡਰਾਈਵਰ ਦੇ ਕੋਲ ਇੰਜਣ 'ਤੇ ਆ ਬੈਠਾ। ਮੈਂ ਵੀ ਡਰਾਈਵਰ ਦੀ ਪਿਛਲੀ ਸੀਟ 'ਤੇ ਹੀ ਬੈਠਾ ਸੀ। ਡਰਾਈਵਰ ਕਾਫੀ ਕਰੋਪ ਹੋਇਆ ਬੱਸ ਚਲਾ ਰਿਹਾ ਸੀ। ਗੱਲ ਗੱਲ ਨਾਲ ਗਾਲ੍ਹਾਂ ਦੀਆਂ ਫੁਹਾਰਾਂ ਛੱਡ ਰਿਹਾ ਸੀ। ਉੱਚੀ-ਉੱਚੀ ਬੋਲਣਾ, ਠਹਾਕੇ ਛੱਡਣੇ ਅਤੇ ਹਰ ਗੱਲ ਨਾਲ ਗਾਲ੍ਹ ਜੋੜ ਕੇ ਬੋਲਣਾ ਉਸ ਦੀ ਪੱਕੀ ਆਦਤ ਸੀ।

"ਸਾਰੀ ਉਮਰ ਡਰੈਵਰੀ ਕੀਤੀ ਆ ਪਰ ਕਈ ਵਾਰ ਭੈਣ............ ਅਕਲ ਈ ਮਾਰੀ ਜਾਂਦੀ ਆ, ਬੱਸਾਂ ਦੇ ਇੰਜਣਾਂ ਵਰਗੇ ਈ ਡਮਾਕ ਹੋ ਗਏ ਆ ਸਾਡੇ.......।"

ਇੰਜਣ 'ਤੇ ਬੈਠੇ ਕੰਡਕਟਰ ਨੇ ਪੁਛਿਆ-

"ਪ੍ਰਧਾਨ! ਅੱਜ ਬੜਾ ਖਫ਼ਾ ਹੋਇਆ ਸਵੇਰੇ ਈ? ਰਾਤੀਂ ਥੋੜ੍ਹੀ ਮਿਲੀ ਸੀ..........? ਕੋਈ ਨਾ ਸਵੇਰੇ-ਸਵੇਰੇ ਬਿਸ਼ਨ ਪਦੇ ਨਾ ਸੁਣਾ। ਰਹਿੰਦਾ-ਖੂੰਹਦਾ ਘਰ ਪੂਰਾ ਕਰ ਦੇਵਾਂਗੇ ਤ੍ਰਕਾਲਾਂ ਨੂੰ........ ਤੂੰ ਘਬਰਾ ਨਾ।"

"ਲੈ ਹੋਰ ਸੁਣ ਲੈ......... ਛੱਡੀ ਮੈਂਸ੍ਹ ਥੱਲੇ ਜਾ ਬੈਠੀ ਕੱਟੇ ਥੱਲੇ............ ਤੈਨੂੰ ਕਿਹੜਾ ਸਾਲਾ............ ਕਹਿੰਦੈ ਪਈ ਮੈਂ............"

ਇਨ੍ਹਾਂ ਕੰਡਕਟਰਾਂ ਨੂੰ ਕੁੱਤੀ ਜਾਤ ਨੂੰ ਖਵਰੇ ਮਖੌਲਾਂ ਤੋਂ ਬਗੈਰ ਹੋਰ ਕੁਝ ਸੁਝਦਾ ਈ ਨੀ......... ਮੈਂ ਕੁੜੀ.......... ਹੋਰ ਕੋਈ ਗੱਲ ਕਰਦਾਂ, ਇਹ ਸਾਲਾ ਆਪਣੀ ਚਲ੍ਹੇ 'ਚ ਡਾਂਗ ਫੇਰੀ ਜਾਂਦਾ।

"ਐਵੇ ਕਾਹਨੂੰ ਭੂੰਡਾਂ ਦੇ ਖੱਖਰ ਆਂਗੂ ਛਿੜਿਆ ਬੈਠੈਂ......ਕੋਈ ਗੱਲ ਤਾਂ ਦੱਸ? ਚੱਜ ਨਾਲ.....। ਕੁਝ ਪਿੜ-ਪੱਲੇ ਪਾਵੇਂ ਵੀ? ਐਮੇਂ ਕੀ ਬੁਝਾਰਤਾਂ ਜਿਹੀਆਂ ਪਾਈ ਜਾਂਦੈ?

" ....... ਕੀ ਬੁਝਾਰਤਾਂ ਖੋਲ੍ਹਾਂ ਮੇਰਾ ਤੇ ਭੱਠਾ ਈ ਬੈਠਾ ਗਿਆ.......। ਸਾਲੇ ਨਿਆਣੇ ਵੀ ਖੋਤੇ ਈ ਜੰਮੇ ਆ.......... ਘਰਆਲੀ ਨੇ ਅੱਡ ਕਲੇਸ਼ ਪਾਇਆ ਹੋਇਆ.......... ਕੁੜੀ ਕਲ੍ਹ ਦੀ ਰੋ ਰੋ ਫਾਵੀਂ ਹੋਈ ਪਈ ਆ।"

"ਪਰ ਗੱਲ ਤਾਂ ਦੱਸ ਐਵੇਂ ਈ ਝੱਗ ਸੁੱਟੀ ਜਾਂਦੈ........."

ਕਹਿਕੇ ਕੰਡਕਟਰ ਹੱਸ ਪਿਆ..........

"ਤੈਨੂੰ ਸਾਲਿਆ ਹਾਸਾ ਸੁੱਝਦਾ.......। ਕੁੜੀ ਦਾ ਸਾਲ ਖਰਾਬ ਹੋ ਗਿਆ............।"

"ਪਰ ਹੋਇਆ ਕੀ? .......... ਕੁੜੀ ਦਾ ਸਾਲ ਖਰਾਬ ਹੋ ਗਿਆ ਪਰ ਕਿੱਦਾ......?

ਤੇਰੀ ਡਰੈਵਰੀ ਨਾਲ ਇਹਦਾ ਕੀ ਸਬੰਧ ਐ?"

"ਉਏ ਉੱਲੂਆ! ਤੈਨੂੰ ਪਤਾ ਨੀ, ਆਪਣੀ ਬਿੰਦੀ ਬਾਹਰਵੀਂ ਦੇ ਪੇਪਰ ਦਿੰਦੀ ਆ.....?"

"ਆਹੋ ਫੇ...........ਕੀ ਹੋਇਆ?"

"ਕਲ੍ਹ ਉਹ ਪਿੰਡ ਆਲੇ ਅੱਡੇ 'ਚ ਖੜ੍ਹੀ ਰਹਿ ਗਈ..... ਬੱਸ ਨੇ ਚੜ੍ਹਾਇਆ ਨੀ, ਘੰਟਾ ਪੇਪਰ 'ਚ ਲੇਟ ਪੁੱਜੀ.......... ਫੇਰ ਪੇਪਰ ਕੀ ਕਰਨਾ ਸੀ ਸੁਆਹ ਤੇ ਖੇਹ.........ਘਬਰਾਹਟ ਨਾਲ ਜਿਹੜਾ ਆਉਂਦਾ ਸੀ ਉਹ ਵੀ ਭੁੱਲ ਗਿਆ।

"ਲੈ ਪੱਟਿਆ ਪਹਾੜ ਤੇ ਨਿਕਲਿਆ.........."

"ਤੂੰ ਐਥੋਂ ਉੱਠ ਕੇ ਚਲਾ ਜਾਹ ਪਰੇ, ਨਹੀਂ ਤਾਂ ਮੈਂ ਤੇਰੀਆਂ ਆਹ ਮੜੀਟੀਆਂ ਜਿਹੀਆਂ ਪੱਟ ਦੇਣੀਆਂ। ਸਾਲਿਆ ਮੇਰੀ ਕੁੜੀ ਦਾ ਸਾਲ ਖਰਾਬ ਹੋ ਗਿਆ ਤੈਨੂੰ ਮਜ਼ਾਕਾਂ ਸੁਝਦੀਆਂ...."

"ਪ੍ਰਧਾਨ ਤੂੰ ਤਾਂ ਐਵੇਂ ਮੇਰੇ 'ਤੇ ਨਜ਼ਲਾ ਸੁੱਟੀ ਜਾਂਦੈ। ਅਖੇ ਡਿੱਗੀ ਖੋਤੇ ਤੋਂ ਗੁੱਸਾ ਘੁਮਾਰ 'ਤੇ। ਇਕ ਪੇਪਰ ਖਰਾਬ ਹੋ ਗਿਆ ਤਾਂ ਕਿਆ ਲੋਹੜਾ ਹੋ ਗਿਆ। ਬਾਕੀ ਤਾਂ ਚੰਗੇ ਈ ਕਰਕੇ ਆਈ ਹੋਊ?"

"ਉਏ ਨਹੀਂ ਝੁੱਡੂਆ! ਅੰਗਰੇਜ਼ੀ ਲਾਜ਼ਮੀ ਦਾ ਪੇਪਰ ਖ਼ਰਾਬ ਹੋਇਆ। ਜੇ ਉਹਦੇ 'ਚੋਂ ਫੇਲ੍ਹ ਹੋ ਗਈ.......... ਸਮਝੋ ਫ਼ੇਲ੍ਹ......। ਤੇਰੇ ਖ਼ਾਨੇ 'ਚ ਗੱਲ ਪਈ ਆ ਕਿ ਨਹੀਂ। ਜਾਹ ਦਫ਼ਾ ਹੋ........ ਸਵਾਰੀਆਂ ਚੜ੍ਹਾ ਤੇ ਟਿਕਟਾਂ ਕੱਟ।"

ਇਹ ਉਹੀ ਅੱਡਾ ਸੀ ਜਿੱਥੇ ਕਲ੍ਹ 15-20 ਕੁੜੀਆਂ ਦਾ ਟੋਲਾ ਖੜ੍ਹਾ ਸੀ, ਬੱਸ ਚੜ੍ਹਨ ਨੂੰ। ਕੱਲ੍ਹ ਉਸ ਨੇ ਇਥੇ ਹੀ ਕੁੜੀਆਂ

ਬਾਰੇ ਮੰਦਾ ਚੰਗਾ ਬੋਲਿਆ ਸੀ। ਮੈਂ ਕੱਲ੍ਹ ਵੀ ਇਸੇ ਸੀਟ 'ਤੇ ਬੈਠਾ ਹੋਇਆ ਸੀ। ਦੂਰੋਂ ਹੀ ਬੱਸ ਆਉਂਦੀ ਦੇਖ ਕੇ ਕੁੜੀਆਂ ਸੜਕ ਦੇ ਵਿਚਕਾਰ ਆ ਗਈਆਂ ਸਨ। ਪਰ ਤੇਜ਼ ਸਪੀਡ ਨਾਲ ਆ ਰਹੀ ਬੱਸ ਨੂੰ ਦੇਖ ਕੇ ਪਿੱਛੇ ਹੱਟ ਗਈਆਂ। ਮੈਂ ਪਿਛਾਂਹ ਮੁੜ ਕੇ ਦੇਖਿਆ ਡੌਰ-ਭੌਰ ਹੋਈਆਂ ਕੁੜੀਆਂ ਦੇ ਮੂੰਹ ਪੀਲੇ ਪੈ ਗਏ ਸਨ। ਲੇਟ ਹੋਣ ਦੇ ਡਰੋਂ ਉਨ੍ਹਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਜਾਪਦੀ ਸੀ।

ਪਰ ਉਨ੍ਹਾਂ ਕੁੜੀਆਂ ਬਾਰੇ ਡਰਾਈਵਰ ਨੇ ਕੀ ਕੁਝ ਨਹੀਂ ਸੀ ਬੋਲਿਆ, "ਚੱਲੀਆਂ ਫੈਸ਼ਨ ਮੁਕਾਬਲੇ ਲਈ ਬਣ-ਠਣ ਕੇ। ਮਾਪਿਆਂ ਦੀਆਂ ਅੱਖਾਂ 'ਚ ਘੱਟਾ ਪਾਉਣ। ਕਿਹੜਾ ਕਹਿ ਦੇਊ ਕਿ ਇਹ ਪਾੜ੍ਹੀਆਂ......... ਪਤਾ ਨਹੀਂ ਕੀ ਕੁਝ ਕਰਦੀਆਂ ਫਿਰਦੀਆਂ..........." ਝੱਗ ਸੁਟ ਕੇ ਡਰਾਈਵਰ ਨੇ ਬੱਸ ਜ਼ਰਾ ਹੌਲੀ ਕੀਤੀ, ਹੌਰਨ ਵਜਾਇਆ, ਖਿੜਕੀ 'ਚੋਂ ਮੂੰਹ ਬਾਹਰ ਕੱਢ ਕੇ ਸੱਜੇ ਪਾਸੇ ਪਿੰਡ ਵਲੋਂ ਆਉਂਦੀ ਸੜਕ ਵਲ ਦੇਖ ਕੇ ਬੁੜਬੁੜ ਕਰਦੇ ਨੇ ਬੱਸ ਤੇਜ਼ ਕਰ ਦਿੱਤੀ। ਮੇਰਾ ਧਿਆਨ ਮੁੜਿਆ ਤਾਂ ਕੰਡਕਟਰ ਟਿਕਟਾਂ ਤੋਂ ਵਿਹਲਾ ਹੋ ਕੇ ਫਿਰ ਡਰਾਈਵਰ ਦੇ ਕੋਲ ਆ ਬੈਠਾ। ਮੈਂ ਵੀ ਕੰਨ ਉਹਨਾਂ ਵੱਲ ਕੀਤੇ।

ਕੰਡਕਟਰ ਨੇ ਗੱਲ ਦੀ ਲੜੀ ਫੇਰ ਜੋੜਨ ਲਈ ਕਿਹਾ, "ਪ੍ਰਧਾਨ ਖਫ਼ਾ ਨਾ ਹੋ! ਬਾਹਰਵੀਂ ਦੇ ਪੇਪਰ ਕਿਹੜਾ ਕੁੰਭ ਦਾ ਮੇਲਾ, ਜਿਹੜਾ ਬਾਰ੍ਹੀਂ ਸਾਲੀਂ ਲਗਣੈਂ। ਅਗਲੇ ਸਾਲ ਫੇਰ ਦੇ ਦੇਊ ਪੇਪਰ ਬਿੰਦੀ........"

ਇੱਕ ਦਮ ਬਰੇਕ ਲੱਗੀ। ਅਵੇਸਲੀਆਂ ਬੈਠੀਆਂ ਸਵਾਰੀਆਂ ਦੇ ਮੱਥੇ ਮੋਹਰਲੀਆਂ ਸੀਟਾਂ ਨਾਲ ਜਾ ਵੱਜੇ। ਮੈਂ ਵੀ ਤ੍ਰਬਕ ਕੇ ਡਰਾਈਵਰ ਦੀ ਸੀਟ ਦਾ ਡੰਡਾ ਫੜ ਲਿਆ। ਤਾਂ ਹੀ ਫ਼ਟਾਫ਼ਟ ਦਰਵਾਜ਼ੇ ਖੋਲ੍ਹ ਕੇ ਹਰੇ ਝੋਲੇ ਵਾਲਾ ਇਕ ਹੋਰ ਡਰਾਈਵਰ ਠਾਹ ਦੇਣੀਂ ਦਰਵਾਜ਼ਾ ਬੰਦ ਕਰਕੇ ਕਹਿੰਦਾ, ਚਲੋ.........ਜੀ।'

ਡਰਾਈਵਰ ਨੇ ਕੈਰੀਆਂ ਅੱਖਾਂ ਨਾਲ ਉਹਦੇ ਵੱਲ ਤੱਕਦਿਆਂ ਆਖਿਆ, "ਹਰੇ ਝੋਲਿਆਂ ਆਲੀਆਂ ਕੁੱਤੀਆਂ ਜਾਤਾਂ ਨੇ ਸਾਨੂੰ ਘਰਾਂ ਵਿਚ ਵੀ ਟਿਕਣਾ ਭਾਰੀ ਕੀਤਾ ਹੋਇਆ। ਉਹ ਮਾਵਾਂ-ਧੀਆਂ ਵੀ ਕਹਿੰਦੀਆਂ, ਅਖੇ......... ਹਰੇ ਝੋਲੇ ਆਲਾ ਤਾਂ ਭਾਵੇਂ ਕੋਈ ਰੜੇ ਦਿਸ ਪਵੇ, ਠਾਹ ਬਰੇਕ ਲੱਗ ਜਾਂਦੀ ਆ ਪਾੜ੍ਹੇ ਨਿਆਣੇ ਭਾਵੇਂ ਅੱਡੇ 'ਚ ਖੜ੍ਹੇ ਹੋਣ..........ਤਾਂ ਵੀ........."

ਨਵਾਂ ਡਰਾਈਵਰ ਬੋਲਿਆ, "ਪ੍ਰਧਾਨ ਕੀ ਗੱਲ ਅੱਜ ਆਪਣੀ ਜਾਤ ਨੂੰ ਈ.......... ਕੀ ਗੱਲ ਮੈਨੂੰ ਵੀ ਅੱਜ ਬੜਾ ਕੌੜ ਮੈਂਸ੍ਹ ਵਾਂਗੂ ਦੇਖਦਾ.......। ਡਰਾਈਵਰ ਨੇ ਉਹਦੇ ਵੱਲ ਕੋਈ ਧਿਆਨ ਨਾ ਦਿੱਤਾ। ਆਪੇ ਨਾਲ ਗੱਲਾਂ ਕਰਦਾ ਡਰਾਈਵਰ ਹੌਲੀ ਹੌਲੀ ਬੋਲ ਰਿਹਾ ਸੀ, "ਰੋਜ਼ ਬਥੇਰੀਆਂ ਕੁੜੀਆਂ ਦਾ ਟੋਲਾ ਅੱਡੇ 'ਚ ਖੜ੍ਹਾ ਹੁੰਦਾ, ਮੈਨੂੰ ਕੀ ਪਤਾ ਸੀ ਬਿੰਦੀ ਵੀ ਉਨ੍ਹਾਂ 'ਚ ਖੜ੍ਹੀ ਆ............"

"ਬਥੇਰੀ ਵਾਰ ਭੌਂਕਿਆ ਪਈ ਅੱਡੇ ਤੋਂ ਅੱਗੇ ਪਿਛੇ ਖੜ੍ਹਿਆ ਕਰੋ........ ਪਰ ਚੌਣੈ ਨੂੰ ਅਕਲ ਹੋਵੇ ਤਾਂ ਨਾ.....।"

* * * * *

ਹੱਡਬੀਤੀ



## ਐਟੀਚਿਊਡ

ਡਾ. ਜਸਵੰਤ ਕੌਰ ਸੈਣੀ

"ਸੁਪਰਡੈਂਟ ਸਾਹਿਬ! ਐਨੀ ਸਖ਼ਤੀ ਤੁਹਾਨੂੰ ਮਹਿੰਗੀ ਪਏਗੀ।" ਆਖਦਿਆਂ ਇਕ ਵਿਦਿਆਰਥੀ ਨੇ ਆਪਣੀ ਉੱਤਰ-ਕਾਪੀ ਸੁਪਰਡੈਂਟ ਦੇ ਹੱਥਾਂ ਉੱਤੇ ਵਗਾਹ ਕੇ ਮਾਰੀ ਅਤੇ ਕਮਰੇ 'ਚੋਂ ਬਾਹਰ ਹੋ ਗਿਆ। ਸੁਪਰਡੈਂਟ ਵਿਦਿਆਰਥੀ ਦੇ ਤੱਤੇ ਸ਼ਬਦਾਂ ਨੂੰ ਸੁਣਦਿਆਂ ਅੰਦਰੋਂ ਹਿੱਲ ਜਿਹਾ ਗਿਆ ਪਰ ਆਪਣੇ ਆਪ ਉੱਤੇ ਕਾਬੂ ਪਾਉਂਦਿਆਂ ਜਨਰਲ ਡਿਊਟੀ 'ਤੇ ਲੱਗੀ ਮੈਡਮ ਨੂੰ ਕਿਹਾ, "ਮੈਡਮ! ਆਊਟ ਸਾਈਡਰ ਪ੍ਰੋਫੈਸਰਾਂ ਤੇ ਸਿਪਾਹੀਆਂ ਨੂੰ ਆਖੋ ਕਮਰਿਆਂ ਦੇ ਨੇੜੇ ਰਹਿਣ।"

ਸੁਪਰਡੈਂਟ ਆਪਦੀ ਡਿਊਟੀ ਦਾ ਬਹੁਤ ਪਾਬੰਦ ਅਤੇ ਇਮਾਨਦਾਰ ਸੀ। ਕਿਸੇ ਵੀ ਡਿਊਟੀ ਵਾਲੇ ਵਲੋਂ ਕੀਤੀ ਕੁਤਾਹੀ ਉਸ ਨੂੰ ਗੁੱਸਾ ਚੜ੍ਹਾ ਦਿੰਦੀ ਸੀ। ਕਈ ਵਾਰੀ ਉਸ ਨੂੰ ਸ਼ੰਕਾ ਹੋ ਜਾਂਦੀ ਜਿਵੇਂ ਬਾਕੀ ਅਮਲਾ ਉਸ ਦਾ ਪੂਰੀ ਤਰ੍ਹਾਂ ਸਾਥ ਨਾ ਦੇ ਰਿਹਾ ਹੋਵੇ। ਸੁਪਰਡੈਂਟ, ਪ੍ਰਿੰਸੀਪਲ ਅਤੇ ਸਟਾਫ਼ ਨਾਲ ਨਕਲ ਰੋਕਣ ਲਈ ਵਚਨਬੱਧ ਸੀ। ਪ੍ਰਿੰਸੀਪਲ ਅਤੇ ਸਟਾਫ਼ ਨੇ ਇਹ ਦ੍ਰਿੜ੍ਹ ਫ਼ੈਸਲਾ ਕਰ ਲਿਆ ਕਿ ਐਤਕੀਂ ਨਕਲ ਬਿਲਕੁਲ ਨਹੀਂ ਹੋਣ ਦੇਣੀ। ਆਪਣੇ ਇਸ ਅਕੀਦੇ ਬਾਰੇ ਪ੍ਰਿੰਸੀਪਲ ਗਾਹੇ-ਬਗਾਹੇ ਵਿਦਿਆਰਥੀਆਂ ਨੂੰ ਚੇਤੰਨ ਕਰਦੇ ਰਹੇ ਸਨ ਪਰ ਇਮਤਿਹਾਨਾਂ ਦੇ ਨੇੜੇ ਪਹੁੰਚ ਕੇ ਪਤਾ ਨਹੀਂ ਕਿਉਂ ਜਾਪਣ ਲਗ ਪਿਆ ਸੀ ਕਿ ਕੀ ਉਹ ਆਪਣੇ ਇਰਾਦੇ ਨੂੰ ਪੂਰਾ ਕਰ ਸਕਣਗੇ?

ਦ੍ਰਿੜ੍ਹ ਵਿਸ਼ਵਾਸੀ ਅਤੇ ਆਦਰਸ਼ਵਾਦੀ ਸੁਪਰਡੈਂਟ ਨੂੰ ਡਿਊਟੀ 'ਤੇ ਆਇਆ ਦੇਖ ਕੇ ਪ੍ਰਿੰਸੀਪਲ ਨੂੰ ਲੱਗਾ ਕਿ ਹੁਣ ਉਨ੍ਹਾਂ ਦਾ ਮੰਤਵ ਪੂਰਾ ਹੋ ਸਕੇਗਾ। ਹਰ ਸੈਸ਼ਨ ਦੇ ਸ਼ੁਰੂ ਵਿਚ ਪ੍ਰਿੰਸੀਪਲ ਆਪਣੇ ਅਕੀਦੇ ਨੂੰ ਦੁਹਰਾਉਂਦੇ। ਹਰ ਸੈਸ਼ਨ ਵਿਚ ਸੁਪਰਡੈਂਟ ਹੋਰ ਸਖ਼ਤ ਹੋ ਜਾਂਦਾ। ਨਕਲ ਕਰਨੀ ਗਿੱਝੇ ਹੋਏ ਵਿਦਿਆਰਥੀ ਤੰਗ ਆਏ ਪਏ ਸਨ। ਸਭ ਨੂੰ ਆਪਣਾ ਭਵਿੱਖ ਮਿੱਟੀ ਵਿਚ ਮਿਲ ਰਿਹਾ ਜਾਪ ਰਿਹਾ ਸੀ।

ਪੇਪਰ ਖ਼ਤਮ ਹੋਇਆ। ਵਿਦਿਆਰਥੀ ਚਲੇ ਗਏ। ਡਿਊਟੀ ਸਟਾਫ਼ ਅੱਡੇ ਵਿਚ ਆ ਖੜ੍ਹਾ ਹੋਇਆ। ਅੱਧਾ ਘੰਟਾ, ਘੰਟਾ, ਦੋ ਘੰਟੇ ਪਰ ਕੋਈ ਬੱਸ ਨਾ ਆਈ। ਹਨੇਰਾ ਪੈ ਰਿਹਾ ਸੀ। ਉਹੀ ਵਿਦਿਆਰਥੀ ਆਇਆ। ਕੋਲ ਆ ਕੇ ਸੁਪਰਡੈਂਟ ਨੂੰ ਕਹਿਣ ਲੱਗਾ, ਪ੍ਰੋਫੈਸਰ ਸਾਹਿਬ, ਮੇਰੀ ਕਾਰ ਤੁਹਾਨੂੰ ਰੋਜ਼ਾਨਾ ਲੈਣ ਆਇਆ ਕਰੇਗੀ- ਤੁਹਾਨੂੰ ਬੱਸ ਅੱਡਿਆਂ ਵਿਚ ਇੰਤਜ਼ਾਰ ਨਹੀਂ ਕਰਨੀ ਪਵੇਗੀ।"

ਸੁਪਰਡੈਂਟ ਨੇ ਕਿਹਾ,"ਕੀ ਕਿਰਾਇਆ ਹੋਵੇਗਾ?" ਵਿਦਿਆਰਥੀ ਬੋਲਿਆ, "ਸਿਰਫ਼ ਤੁਹਾਨੂੰ ਆਪਣਾ ਐਟੀਚਿਊਡ ਚੇਂਜ ਕਰਨਾ ਹੋਵੇਗਾ!"

* * * * *

## ਪਦਮ ਸ੍ਰੀ ਸਨਮਾਨ ਪ੍ਰਾਪਤ ਸਿਰਮੌਰ ਪੰਜਾਬੀ ਵਿਗਿਆਨੀ ਡਾ. ਹਰਕਿਸ਼ਨ ਸਿੰਘ

ਪਦਮ ਸ੍ਰੀ ਸਨਮਾਨ ਪ੍ਰਾਪਤ ਡਾ. ਹਰਕਿਸ਼ਨ ਸਿੰਘ ਦਵਾਈਆਂ ਦੀ ਖੋਜ ਤੇ ਵਿਕਾਸ 'ਚ ਬਾਰੀਕੀ ਤੇ ਮਿਹਨਤ ਨਾਲ ਕਾਰਜ ਕਰਨ ਵਾਲੇ ਸਿਰਮੌਰ ਪੰਜਾਬੀ ਵਿਗਿਆਨੀ ਹੈ।ਯੂਐੱਨਓ ਦੀ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਲੰਬੀ ਪ੍ਰਕਿਰਿਆ ਉਪਰੰਤ ਕਿਸੇ ਦਵਾਈ ਲਈ ਅੰਤਰਰਾਸ਼ਟਰੀ ਨਾਨ-ਪ੍ਰਾਪਰਾਇਟੀ ਨਾਰਮ (ਆਈਐੱਨਐੱਨ) ਮਨਜ਼ੂਰ ਕਰਦੀ ਹੈ। ਕਿਸੇ ਦਵਾਈ ਦੀ ਖੋਜ ਤੇ ਮਨਜ਼ੂਰੀ ਬੜੀ ਅਸਾਰਧਾਰਨ ਤੇ ਵੱਡੀ ਪ੍ਰਾਪਤੀ ਹੁੰਦੀ ਹੈ। ਭਾਰਤੀ ਸੈਂਟਰਲ ਡਰੱਗ ਰਿਸਰਚ ਇੰਸਟੀਚਿਊਟ ਆਪਣੇ ਪੌਣੀ ਕੁ ਸਦੀ ਦੇ ਇਤਿਹਾਸ ਵਿੱਚ ਹਜ਼ਾਰਾਂ ਵਿਗਿਆਨੀਆਂ ਦੀ ਮਿਹਨਤ ਨਾਲ ਮਸਾਂ ਪੰਜ ਨਵੀਆਂ ਦਵਾਈਆਂ ਖੋਜ ਸਕੀ ਹੈ। ਇਸ ਦੇ ਮੱਦੇਨਜਰ ਪੰਜਾਬ ਦੇ ਇੱਕ ਪਿੰਡ ਦਾ ਜੰਮਪਲ ਵਿਅਕਤੀ ਆਪਣੇ ਸਾਥੀਆਂ ਦੀ ਮਦਦ ਨਾਲ ਕੋਈ ਦਵਾਈ (ਡਰੱਗ) ਵਿਕਸਿਤ ਕਰ ਲਵੇ ਤਾਂ ਇਹ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ। ਇਹ ਕ੍ਰਿਸ਼ਮਾ ਕੀਤਾ ਹੈ 25 ਨਵੰਬਰ 1928 ਵਿੱਚ ਜਨਮਿਆ ਤਰਨ ਤਾਰਨ ਤੋਂ ਬਾਈ-ਤੇਈ ਕਿਲੋਮੀਟਰ ਦੀ ਵਿੱਥ ਵਸੇ ਪਿੰਡ ਖਾਰਾ ਦੇ ਹਰਕਿਸ਼ਨ ਸਿੰਘ ਨੇ। ਹਰਕਿਸ਼ਨ ਸਿੰਘ ਦਾ ਪਿਤਾ ਸ. ਸੁਬੇਗ ਸਿੰਘ ਘਰ ਦੀ ਗ਼ਰੀਬੀ ਕਾਰਨ ਮੈਟ੍ਰਿਕ ਤੋਂ ਅੱਗੇ ਨਾ ਪੜ੍ਹ ਸਕਿਆ। ਸਕੂਲ ਵਿੱਚ ਕਲਰਕ/ਅਧਿਆਪਕ ਰਹਿਣ ਪਿੱਛੋਂ ਉਸ ਨੇ ਪੋਸਟ ਆਫਿਸ ਦੀ ਨੌਕਰੀ ਕੀਤੀ। ਹਰਕਿਸ਼ਨ ਸਿੰਘ ਦੀ ਮਾਤਾ ਹਰਨਾਮ ਕੌਰ ਸੂਬੇਦਾਰ ਬੁੱਢਾ ਸਿੰਘ ਦੀ ਦੋਹਤੀ ਸੀ।ਉਸ ਦੇ ਦੋ ਭੈਣਾਂ ਤੇ ਦੋ ਭਰਾ ਹਨ। ਉਸ ਨੇ ਗੁਰਦਾਸਪੁਰ, ਤਰਨ ਤਾਰਨ, ਲਾਹੌਰ ਤੇ ਸਰਹਾਲੀ ਦੇ ਸਕੂਲਾਂ ਵਿੱਚ ਪੜ੍ਹਦੇ-ਪੜ੍ਹਦੇ ਮੈਟ੍ਰਿਕ ਕੀਤੀ। ਇੰਟਰ ਸਿੱਖ ਨੈਸ਼ਨਲ ਕਾਲਜ, ਲਾਹੌਰ ਤੋਂ ਦੇਸ਼ਵੰਡ ਦੇ ਪਰਛਾਵੇਂ ਹੇਠ ਹੀ ਕੀਤੀ। ਇਸ ਦੌਰਾਨ ਪਰਿਵਾਰ ਉੱਜੜ-ਪੁੱਜੜ ਗਿਆ। ਇੰਟਰ ਇਧਰ ਪੂਰੀ ਹੋਈ। ਐੱਮਬੀਬੀਐੱਸ ਵਿੱਚ ਵੇਟਿੰਗ ਲਿਸਟ ਵਿੱਚ ਬੀ.ਫਾਰਮੇਸੀ ਦੀ ਪੜ੍ਹਾਈ ਸ਼ੁਰੂ ਕਰ ਲਈ ਅਤੇ ਇਹ ਡਿਗਰੀ ਯੂਨੀਵਰਸਿਟੀ ਤੋਂ ਐੱਮ.ਫਾਰਮਾ ਤੇ 27 ਸਾਲ ਦੀ ਉਮਰੇ ਡਾਕਟਰੇਟ ਕੀਤੀ। ਕੁਝ ਸਮਾਂ ਬਨਾਰਸ ਤੇ ਸਾਗਰ ਯੂਨੀਵਰਸਿਟੀ ਵਿੱਚ ਫਾਰਮੇਸੀ, ਮੁਖੀ ਅਤੇ ਡੀਨ ਬਣਿਆ। ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਉਸ ਨੂੰ ਫਾਰਮੇਸੀ ਦੇ ਮੋਢੀਆਂ ਨਾਲ ਕੰਮ ਕਰਨ ਦੇ ਅਵਸਰ ਮਿਲੇ।

ਹਰਕਿਸ਼ਨ ਸਿੰਘ ਦਾ ਵਿਆਹ 1958 ਵਿੱਚ ਸਭਰਾਵਾਂ ਦੀ ਗਿਆਨ ਕੌਰ ਨਾਲ ਹੋਇਆ। ਉਦੋਂ ਉਹ ਬਨਾਰਸ ਛੱਡ ਕੇ ਸਾਗਰ ਯੂਨੀਵਰਸਿਟੀ ਵਿੱਚ ਪੜ੍ਹਾ ਰਿਹਾ ਸੀ। 1958 ਵਿੱਚ ਹੀ ਉਸ ਨੂੰ ਅਮਰੀਕਾ ਦੀ ਯੂਨੀਵਰਸਿਟੀ ਆਫ ਮੇਰੀਲੈਂਡ ਨੇ ਤਿੰਨ ਸਾਲਾਂ ਲਈ ਪੋਸਟ ਡੌਕਟਰਲ ਫੈਲੋਸ਼ਿਪ ਉੱਤੇ ਬੁਲਾ ਲਿਆ। ਪਤਨੀ ਸਮੇਤ ਉਹ ਅਮਰੀਕਾ ਜਾ ਪੁੱਜਾ ਤੇ ਐਜ਼ਾਸਟੀਰਾਇਡਾਂ ਉੱਤੇ ਖੋਜ਼ ਕਰਨ ਲੱਗਾ, ਅਮਰੀਕਾ ਵਿੱਚ ਹੀ ਉਸ ਦੇ ਵੱਡੇ ਬੇਟੇ ਤ੍ਰਿਪਤ ਦਾ ਜਨਮ ਹੋਇਆ। ਭਾਰਤ ਆ ਕੇ ਉਹ ਇੱਕ ਬੇਟੀ ਦਾ ਪਿਤਾ ਬਣਿਆ। 1961 ਵਿੱਚ ਉਹ ਸਾਗਰ ਪਰਤਿਆ। 1964 ਵਿੱਚ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਆ ਗਿਆ ਜੋ ਹੁਣ ਤਕ ਉਸ ਦੀ ਸਰਗਰਮੀ ਦਾ ਮੁੱਖ ਕੇਂਦਰ ਹੈ।



1971 ਵਿੱਚ ਉਹ ਅਮਰੀਕਾ ਗਿਆ। ਕੁਝ ਸਮੇਂ ਬਾਅਦ ਹੀ ਉਸ ਨੂੰ ਇੰਗਲੈਂਡ ਦੀ ਲੰਡਨ ਯੂਨੀਵਰਸਿਟੀ ਨੇ ਕਾਮਨਵੈਲਥ ਅਕੈਡਮਿਕ ਸਟਾਫ ਫੈਲੋ ਵਜੋਂ ਇੱਕ ਸਾਲ ਲਈ ਬੁਲਾਇਆ। ਉੱਥੇ ਉਸ ਨੇ ਭਾਂਤ-ਭਾਂਤ ਦੇ ਸਟੀਰਾਇਡਾਂ ਉੱਤੇ ਖੋਜ ਕੀਤੀ। ਇਹ ਹਰਕਿਸ਼ਨ ਸਿੰਘ ਦੇ ਪੂਰੀ ਚੜ੍ਹਤ ਦੇ ਦਿਨ ਸਨ, ਉਹ ਤੇ ਉਸ ਦੇ ਖੋਜੀ ਗਰੁੱਪ ਨੂੰ ਸੀ. ਐੱਸ. ਆਈ. ਆਰ ਦਾ ਪ੍ਰਾਜੈਕਟ ਵੀ ਮਿਲਿਆ ਹੋਇਆ ਸੀ। ਇਸ ਦੌਰਾਨ ਉਨ੍ਹਾਂ ਨਿਊਰੋ-ਮਸਕੂਲਰ ਬਲਾਕਰ ਵਜੋਂ ਇੱਕ ਡਰੱਗ ਖੋਜੀ।ਚੰਡੀਗੜ੍ਹ ਦੇ ਨਾਂ 'ਤੇ ਇਸ ਦਾ ਨਾਮ ਚੰਡੀਨੋਮੀਅਮ ਆਇਓਡਾਈਡ ਰੱਖਿਆ ਗਿਆ। ਸੈਂਟਰਲ ਡਰੱਗ ਰਿਸਰਚ ਇੰਸਟੀਚਿਊਟ ਨੇ ਇਸ ਦੀ ਕਿਰਿਆ ਤੇ ਸੰਭਾਵਨਾਵਾਂ ਉੱਤੇ ਮੋਹਰ ਲਾ ਦਿੱਤੀ। ਨੀਦਰਲੈਂਡਜ਼ ਦੀ ਗਰੋਨਿੰਗਨ ਯੂਨੀਵਰਸਿਟੀ ਤੇ ਆਰਗੈਨਨ ਨਾਂ ਦੀ ਡਰੱਗ ਕੰਪਨੀ ਨੇ ਵੀ ਨਵੀਂ ਖੋਜੀ ਦਵਾਈ ਵਿੱਚ ਰੁਚੀ ਲਈ। ਅਗਸਤ 1979 ਵਿੱਚ ਅਮਰੀਕਾ ਵਿੱਚ ਹੀਟਰੋਸਾਈਕਲਿਕ ਕੈਮਿਸਟਰੀ ਦੀ ਸੱਤਵੀਂ ਕਾਂਗਰਸ ਵਿੱਚ ਹਰਕਿਸ਼ਨ ਸਿੰਘ ਨੇ ਆਪ ਜਾ ਕੇ ਇਸ ਡਰੱਗ ਤੇ ਨਿਊਰੋ-ਮਸਕੂਲਰਬਲਾਕਰਾਂ ਬਾਰੇ ਪੇਪਰ ਪੇਸ਼ ਕੀਤਾ। 1984 ਤਕ ਉਸ ਦੇ ਸ਼ਾਗਿਰਦ ਹੈਟਰੋ-ਸਟੀਰਾਇਡਾਂ ਉੱਤੇ ਕੰਮ ਕਰਦੇ ਰਹੇ। ਚੰਡੀਨੋਮੀਅਮ ਆਇਓਡਾਈਡ ਨੂੰ ਜਾਨਵਰਾਂ ਉੱਤੇ ਪਰਖ ਕੇ ਹਰੀ ਝੰਡੀ ਦੇ ਦਿੱਤੀ ਗਈ। ਮਨੁੱਖਾਂ ਵਿੱਚ ਮੱਸਲਰੀਲੈਕਸੈਂਟ ਵਜੋਂ ਪਰਖ ਉਪਰੰਤ ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਿਊਐੱਚਓ) ਨੇ ਇਸ ਨੂੰ ਕੈਂਡੋਕੂਰੋਨੀਅਮ ਦਾ ਯਾਨਰਿਕ ਨਾਮ ਦਿੱਤਾ। 1985 ਤੋਂ 1987 ਤਕ ਉਹ ਯੂਜੀਸੀ ਦਾ ਨੈਸ਼ਨਲ ਫੈਲੋ ਰਿਹਾ।

ਹਰਕਿਸ਼ਨ ਸਿੰਘ ਅੱਜ ਫਾਰਮੇਸੀ ਦੇ ਖੇਤਰ ਦੀ ਸੈਲੀਬਰਿਟੀ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਲੰਬੇ ਸਮੇਂ ਤੋਂ ਈਮੈਰੀਟਸ ਪ੍ਰੋਫ਼ੈਸਰ। ਇੱਕ ਅਜਿਹਾ ਨਾਂ ਜਿਸ ਬਾਰੇ ਫਾਰਮੇਸੀ ਨਾਲ ਸਬੰਧਿਤ ਵਰਤਮਾਨ ਵਿਭਾਗੀ ਮੁਖੀ ਡਾ. ਭੁਪਿੰਦਰ ਸਿੰਘ ਭੂਪ ਤੋਂ ਲੈ ਕੇ ਸਾਰੇ ਵਰਤਮਾਨ ਅਤੇ

ਵਰ੍ਹਿਆਂ ਪਹਿਲਾਂ ਸੇਵਾਮੁਕਤ ਹੋ ਚੁੱਕੇ ਪ੍ਰੋਫ਼ੈਸਰ ਹੀ ਨਹੀਂ ਸਗੋਂ ਅਮਰੀਕਾ, ਕੈਨੇਡਾ ਤੇ ਇੰਗਲੈਂਡ ਆਦਿ ਦੇਸ਼ਾਂ ਵਿੱਚ ਸਰਗਰਮ ਵਿਦਿਆਰਥੀ ਵੀ ਆਦਰ ਨਾਲ ਗੱਲ ਕਰਦੇ ਹਨ, ਫਿਲਾਡੈਲਫੀਆਂ ਦੀ ਯੂਨੀਵਰਸਿਟੀ ਆਫ ਸਾਇੰਸਿਜ਼ ਫਾਰਮੇਸੀ ਦਾ ਦੁਨੀਆਂ ਦਾ ਸਭ ਤੋਂ ਪੁਰਾਣਾ ਕੇਂਦਰ ਹੈ। ਇਸੇ ਯੂਨੀਵਰਸਿਟੀ ਨੇ ਪਿਛਲੇ ਸਾਲ ਹਰਕਿਸ਼ਨ ਸਿੰਘ ਨੂੰ ਆਨਰੇਰੀ ਡਾਕਟਰੇਟ ਆਫ ਸਾਇੰਸ ਨਾਲ ਸਨਮਾਨਿਤ ਕੀਤਾ। ਮਾਹਿਰ ਕਹਿੰਦੇ ਹਨ ਕਿ ਇਹ ਫਾਰਮੇਸੀ ਦੇ ਵਿਸ਼ੇ ਉੱਤੇ ਨੋਬੇਲ ਪੁਰਸਕਾਰ ਵਰਗੀ ਪ੍ਰਾਪਤੀ ਹੈ। ਗੌਰਤਲਬ ਹੈ ਕਿ ਫਾਰਮੇਸੀ ਵਾਸਤੇ ਨੌਬੇਲ ਪੁਰਸਕਾਰ ਦੀ ਕੋਈ ਵੱਖਰੀ ਵਿਵਸਥਾ ਨਹੀਂ। ਉਂਜ ਹਰਕਿਸ਼ਨ ਸਿੰਘ ਨੇ ਕਈ ਵਾਰ ਨੋਬੇਲ ਜੇਤੂ ਵਿਗਿਆਨੀਆਂ ਨਾਲ ਸੰਵਾਦ ਰਚਾਇਆ ਹੈ ਅਤੇ ਉਨ੍ਹਾਂ ਦੀ ਸੰਗਤ ਮਾਣਨ ਦੇ ਭਰਪੂਰ ਅਵਸਰ ਉਸ ਨੂੰ ਮਿਲੇ ਹਨ। ਉਸ ਨੇ ਇੰਗਲੈਂਡ, ਅਮਰੀਕਾ, ਕੈਨੇਡਾ, ਸਵਿਟਜ਼ਰਲੈਂਡ ਤੇ ਚੀਨ ਵਿੱਚ ਕਈ ਸੰਸਥਾਵਾਂ, ਯੂਨੀਵਰਸਿਟੀਆਂ ਤੇ ਕਾਨਫਰੰਸਾਂ ਵਿੱਚ ਵਿਸ਼ੇਸ਼ ਲੈਕਚਰ ਦਿੱਤੇ ਹਨ। ਹਾਰਵਰਡ ਮੈਡੀਕਲ ਸਕੂਲ ਹਾਰਵਰਡ ਯੂਨੀਵਰਸਿਟੀ ਅਤੇ ਪੇਇਚਿੰਗ ਦੀ ਯੂਨੀਅਨ ਆਫ ਕਰਿਸਟਲੋਗਰਾਫੀ ਨੂੰ ਸੰਬੋਧਨ ਕਰਨ ਦਾ ਮਾਣ ਉਸ ਨੂੰ ਹਾਸਲ ਹੈ।

ਹਰਕਿਸ਼ਨ ਸਿੰਘ ਨੇ ਸਾਰੀ ਉਮਰ ਫਾਰਮੇਸੀ ਦੇ ਅਧਿਐਨ, ਅਧਿਆਪਨ, ਖੋਜ, ਇਸ ਦੀਆਂ ਪਾਠ-ਪੁਸਤਕਾਂ ਤੇ ਇਤਿਹਾਸ ਦੇ ਲੇਖਣ ਵਿੱਚ ਗੁਜ਼ਾਰੀ ਹੈ। ਫਾਰਮੇਸੀ ਵਿਸ਼ੇ ਦੇ ਅਧਿਆਪਨ ਨੂੰ ਪੈਰੀਂ ਖੜ੍ਹਾ ਕੀਤਾ ਹੈ। ਇਸ ਵਿੱਚ ਗੰਭੀਰਤਾ ਤੇ ਪ੍ਰੋੜ੍ਹਤਾ ਲਿਆ ਕੇ ਇਸ ਨੂੰ ਵਿਸ਼ਵ ਭਰ ਦੀਆਂ ਯੂਨੀਵਰਸਿਟੀਆਂ ਦੇ ਬਰਾਬਰ ਖੜ੍ਹਾ ਕਰਨ ਦੇ ਉਪਰਾਲੇ ਕੀਤੇ ਹਨ। ਫਾਰਮੇਸੀ ਦੀ ਗਰੈਜੂਏਸ਼ਨ ਤੇ ਪੋਸਟ ਗਰੈਜੂਏਸ਼ਨ ਦੀ ਅਵਧੀ ਤੇ ਸਿਲੇਬਸ ਪ੍ਰਮਾਣਿਕ ਪੱਧਰ ਤੱਕ ਲਿਆਂਦੇ ਹਨ। ਇਨ੍ਹਾਂ ਨੂੰ ਖੋਜ ਅਤੇ ਫੀਲਡ ਨਾਲ ਜੋੜਨ ਦਾ ਉੱਦਮ ਕੀਤਾ ਹੈ। ਜਦੋਂ ਤੱਕ ਪੋਸਟ ਗਰੈਜੂਏਟ ਡਿਗਰੀ ਲਈ ਹੀ ਥੀਸਿਜ਼ ਲਿਖਣ ਦੀ ਵਿਵਸਥਾ ਸੀ, ਉਹ ਇਹ ਥੀਸਿਜ਼ ਲਿਖਵਾਉਂਦਾ ਰਿਹਾ। ਜਦੋਂ ਇਸ ਖੇਤਰ ਵਿੱਚ ਡਾਕਟਰੇਟ ਲਈ ਥੀਸਿਜ਼ ਲਿਖਣ ਦੇ ਅਵਸਰ ਪੈਦਾ ਹੋਏ ਤਾਂ ਉਸ ਨੇ ਡਾਕਟਰੇਟ ਪੱਧਰ ਦੇ ਖੋਜ਼ ਕਾਰਜਾਂ ਦਾ ਨਿਰਦੇਸ਼ਨ ਸ਼ੁਰੂ ਕਰ ਦਿੱਤਾ। ਪੰਜਾਹ ਦੇ ਕਰੀਬ ਥੀਸਿਜ਼ ਉਸ ਨੇ ਲਿਖਵਾਏ ਅਤੇ ਅਠਾਰਾਂ ਮੁੱਲਵਾਨ ਕਿਤਾਬਾਂ, ਸੱਤਰ ਖੋਜ਼ ਪੱਤਰ, ਸੈਂਕੜੇ ਲੇਖ ਉਸ ਨੇ ਅਧਿਆਪਨ ਦੇ ਆਪਣੇ ਲੰਬੇ ਕਾਰਜਕਾਲ ਦੌਰਾਨ ਲਿਖੇ।ਉਸ ਦੁਆਰਾ ਵਿਕਸਤ ਤੇ ਪੇਟੈਂਟ ਕਰਵਾਈ ਗਈ ਡਰੱਗ ਨੂੰ ਸਿਪਲਾ ਕੰਪਨੀ ਨੇ ਮਾਰਕੀਟ ਵਿੱਚ ਉਤਾਰਿਆ।

ਹਰਕਿਸ਼ਨ ਸਿੰਘ ਰਿਟਾਇਰ ਹੋ ਕੇ ਵੀ ਰਿਟਾਇਰ ਨਹੀਂ ਹੋਇਆ। ਉਹ ਹਾਲੇ ਵੀ ਸਰਗਰਮ ਹੈ। ਚੁੱਪ-ਚੁਪੀਤੇ ਰਹਿ ਕੇ ਕੀਤੀਆਂ ਇੰਨੀਆਂ ਵੱਡੀਆਂ ਪ੍ਰਾਪਤੀਆਂ ਲਈ ਭਾਰਤ ਸਰਕਾਰ ਵੱਲੋਂ ਉਸ ਨੂੰ ਇਸ ਵਰ੍ਹੇ ਪਦਮ ਸ੍ਰੀ ਸਨਮਾਨ ਲਈ ਚੁਣਿਆ ਗਿਆ ਹੈ। ਇਹ ਸਮੂਹ ਪੰਜਾਬੀਆਂ ਲਈ ਮਾਣ ਵਾਲੀ ਗੱਲ ਹੈ।ਉਸ ਨੇ ਫਾਰਮੇਸੀ ਦੇ ਇਤਿਹਾਸ ਬਾਰੇ ਸੱਤ ਵੱਡੇ ਗ੍ਰੰਥ ਅਤੇ ਪਾਠ-ਪੁਸਤਕਾਂ ਲਿਖੀਆਂ ਹਨ। ਭਾਰਤ ਵਿੱਚ ਫਾਰਮੇਸੀ ਦੀ ਸਿੱਖਿਆ ਅਤੇ ਧੰਦੇ ਨੂੰ ਗੌਰਵਮਈ ਬਣਾਉਣ ਦੇ ਉੱਦਮ ਕੌਮੀ ਪੱਧਰ ਉੱਤੇ ਕੀਤੇ ਹਨ। ਚੰਡੀਗੜ੍ਹ ਵਿੱਚ ਫਾਰਮੇਸੀ ਦੀ ਉੱਚ ਪੱਧਰੀ ਖੋਜ ਅਤੇ ਸਿੱਖਿਆ ਲਈ ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਦੀ ਸਥਾਪਨਾ ਵਿੱਚ ਪ੍ਰਮੁੱਖ ਭੂਮਿਕਾ ਨਿਭਾਈ ਹੈ। ਸ਼ੁਰੂ ਤੋਂ ਲੈ ਕੇ ਹੁਣ ਤੱਕ ਉਹ ਨਾਈਪਰ ਦੀਆਂ ਅਕੈਡੈਮਿਕ, ਪਲੈਨਿੰਗ ਤੇ ਸਿਲੈਕਸ਼ਨ ਕਮੇਟੀਆਂ ਤੇ ਬੋਰਡਾਂ ਦਾ ਵਿਸ਼ੇਸ਼ ਮੈਂਬਰ ਰਿਹਾ ਹੈ। ਫਾਰਮੇਸੀ ਤੇ ਡਰੱਗਜ਼ ਨਾਲ ਸਬੰਧਿਤ ਕੋਈ ਵੀ ਮਹੱਤਵਪੂਰਨ ਕੌਮੀ ਸੰਸਥਾ ਜਾਂ ਕਮੇਟੀ ਹਰਕਿਸ਼ਨ ਸਿੰਘ ਤੋਂ ਬਿਨਾਂ ਅੱਜ ਵੀ ਅਧੂਰੀ ਪ੍ਰਤੀਤ ਹੁੰਦੀ ਹੈ।

-ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ

## ਭਾਰਤੀ ਪੁਲਾੜ ਵਿਗਿਆਨੀਆਂ ਨੇ ਰਚਿਆ ਇਤਿਹਾਸ

ਭਾਰਤ ਨੇ 15 ਫਰਵਰੀ, 2017 ਨੂੰ ਸ੍ਰੀਹਰੀਕੋਟਾ (ਆਂਦਰਾ ਪ੍ਰਦੇਸ਼) ਤੋਂ ਇਕੋ ਵੇਲੇ 104 ਉਪਗ੍ਰਹਿ ਦਾਗ਼ ਕੇ ਅਤੇ ਇਨ੍ਹਾਂ ਨੂੰ ਆਪਣੇ ਗ੍ਰਹਿ ਪੰਧ ਉਤੇ ਪਾ ਕੇ ਇਤਿਹਾਸ ਰਚਿਆ ਹੈ। ਇਸਰੋ ਨੇ ਆਪਣੇ 'ਪੋਲਰ ਸੈਟੇਲਾਇਟ ਲਾਂਚ ਵਹੀਕਲ' ਦੀ 38ਵੀਂ ਸਫਲ ਉਡਾਣ ਦੌਰਾਨ ਭਾਰਤ ਨੇ ਮੌਸਮ ਉੱਤੇ ਨਜ਼ਰ ਰੱਖਣ ਵਾਲੇ ਕਾਰਟੋਸੈਟ-2 ਸੀਰੀਜ਼ ਦੇ ਉਪਗ੍ਰਹਿ ਅਤੇ 103 ਨੈਨੋ ਉਪਗ੍ਰਹਿਆਂ ਨੂੰ 30 ਮਿੰਟ ਦੇ ਵਕਫੇ ਵਿੱਚ ਗ੍ਰਹਿ ਪੰਧ ਉਤੇ ਪਾਇਆ।ਇਨ੍ਹਾਂ ਵਿੱਚੋ ਸਿਰਫ 3 ਉਪਗ੍ਰਹਿ ਭਾਰਤ ਦੇ ਹਨ, ਜਦੋਂ ਕਿ ਬਾਕਿ ਸਾਰੇ ਦੂਜੇ ਦੇਸ਼ਾਂ ਦੇ ਹਨ।

ਅਰਬਾਂ ਡਾਲਰਾਂ ਦੀ ਉਪਗ੍ਰਹਿ ਦਾਗਣ ਵਾਲੀ ਸਨਅਤ ਵਿੱਚ ਭਾਰਤ ਨੂੰ ਹੁਣ ਵੱਡਾ ਹਿੱਸਾ ਮਿਲ ਸਕਦਾ ਹੈ। ਕਿਉਂਕਿ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਰੂਸ ਦੀ ਪੁਲਾੜ ਏਜੰਸੀ ਵੱਲੋਂ 2014 ਵਿੱਚ ਇਕੋ ਉਡਾਣ ਦੌਰਾਨ 37 ਉਪਗ੍ਰਹਿ ਦਾਗਣ ਦੇ ਰਿਕਾਰਡ ਨੂੰ ਮਾਤ ਪਾ ਦਿੱਤੀ ਹੈ। ਇਸ ਤੋਂ ਪਹਿਲਾ ਇਸਰੋ ਨੇ 2015 ਵਿੱਚ ਇਕੋ ਵੇਲੇ 20 ਉਪਗ੍ਰਹਿ ਦਾਗੇ ਸਨ। ਹੁਣ ਦਾਗੇ ਉਪਗ੍ਰਹਿਆਂ ਵਿੱਚੋਂ ਜ਼ਿਆਦਾਤਰ ਧਰਤੀ ਦੀਆਂ ਤਸਵੀਰਾਂ ਲੈਣ ਨਾਲ ਸਬੰਧਤ ਹਨ। ਇਨ੍ਹਾਂ ਵਿੱਚ 96 ਨੈਨੋ ਉਪਗ੍ਰਹਿ ਦੋ ਅਮਰੀਕੀ ਕੰਪਨੀਆਂ ਦੇ ਹਨ, ਜਦੋਂ ਕਿ ਇਸਰਾਇਲ, ਕਜ਼ਾਕਿਸਤਾਨ, ਨੀਦਰਲੈਂਡ, ਸਵਿਟਜ਼ਰਲੈਂਡ ਅਤੇ ਸੰਯੁਕਤ ਅਰਬ ਅਮੀਰਾਤ ਦਾ ਇਕ ਇਕ ਉਪਗ੍ਰਹਿ ਹੈ। ਭਾਰਤੀ ਪੁਲਾੜ ਵਿਗਿਆਨੀਆਂ ਦੀ ਇਸ ਵੱਡੀ ਪ੍ਰਾਪਤੀ ਨਾਲ ਦੇਸ਼ ਦਾ ਨਾਂ ਵਿਸ਼ਵ ਭਰ ਵਿੱਚ ਉੱਚਾ ਹੋਇਆ ਹੈ ਅਤੇ ਦੇਸ਼ ਵਾਸੀਆਂ ਨੂੰ ਆਪਣੇ ਵਿਗਿਆਨੀਆਂ ਤੇ ਮਾਣ ਅਤੇ ਫ਼ਖ਼ਰ ਮਹਿਸੂਸ ਹੋ ਰਿਹਾ ਹੈ।ਭਾਰਤੀ ਪੁਲਾੜ ਵਿਗਿਆਨੀਆਂ ਨੂੰ ਮੁਬਾਰਬਾਦ ਹੋਵੇ।

## ਵਧਾਈਆਂ

### ਸ੍ਰੀ ਅੰਗਦ ਸਿੰਘ ਸੈਣੀ ਨੂੰ ਵਿਧਾਇਕ ਬਣਨ 'ਤੇ

ਨਵਾਂ ਸ਼ਹਿਰ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਨੌਜਵਾਨ ਨੇਤਾ ਸ੍ਰੀ ਅੰਗਦ ਸਿੰਘ ਸੈਣੀ ਨੇ ਵਿਧਾਨ ਸਭਾ ਚੋਣਾਂ 2017 ਵਿੱਚ ਜਿੱਤ ਪ੍ਰਾਪਤ ਕਰਕੇ ਸੈਣੀ ਬਰਾਦਰੀ ਦਾ ਮਾਣ ਵਧਾਇਆ ਹੈ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਆਪ ਨੂੰ, ਸ਼੍ਰੀਮਤੀ ਗੁਰਇਕਬਾਲ ਕੌਰ ਅਤੇ ਸਾਰੇ ਪਰਿਵਾਰ ਨੂੰ ਹਾਰਦਿਕ ਵਧਾਈ ਦਿੰਦੇ ਹਨ। ਸ਼੍ਰੀ ਅੰਗਦ ਸਿੰਘ ਸੈਣੀ ਸਵ: ਸ਼੍ਰੀ ਪ੍ਰਕਾਸ਼ ਸਿੰਘ (ਸਾਬਕਾ ਐੱਮ,ਐੱਲ,ਏ) ਅਤੇ ਸ਼੍ਰੀਮਤੀ ਗੁਰਇਕਬਾਲ ਕੌਰ (ਸਾਬਕਾ ਐੱਮ,ਐੱਲ,ਏ) ਦੇ ਇਕਲੋਤੇ ਪੁੱਤਰ ਹਨ।ਆਪ ਸ. ਦਿਲਬਾਗ ਸਿੰਘ ਨਵਾਂ ਸ਼ਹਿਰ (ਸਾਬਕਾ ਮੰਤਰੀ) ਦੇ ਭਰਾ ਦੇ ਪੋਤਰੇ ਹਨ।ਇਸ ਪੜ੍ਹੇ ਲਿਖੇ (ਬੀ.ਏ.) ਨੌਜਵਾਨ ਨੇ ਇੰਨੀ ਛੋਟੀ ਉਮਰ (26 ਸਾਲ) ਵਿੱਚ ਇਹ ਸਫ਼ਲਤਾ ਹਾਸਲ ਕਰ ਕੇ ਨਾਮਣਾ ਖੱਟਿਆ ਹੈ।ਉਸ ਨੇ ਆਪਣੇ ਪਰਿਵਾਰ ਦੀ ਪ੍ਰੰਪਰਾ ਨੂੰ ਕਾਇਮ ਰੱਖ ਕੇ ਮਿਸਾਲ ਕਾਇਮ ਕੀਤੀ ਹੈ।ਅਸੀਂ ਅਰਦਾਸ ਕਰਦੇ ਹਾਂ ਕਿ ਉਹ ਭਵਿੱਖ ਵਿੱਚ ਬੁੰਲਦੀਆਂ ਨੂੰ ਛੂਹਣ।




### ਹਰਪ੍ਰੀਤ ਸਿੰਘ ਸੈਣੀ ਨੂੰ ਲੈਫ਼ਟੀਨੈਂਟ ਬਣਨ 'ਤੇ

ਰੂਪਨਗਰ ਜ਼ਿਲ੍ਹੇ 'ਚ ਨੂਰਪੁਰ ਬੇਦੀ ਇਲਾਕੇ ਦੇ ਪਿੰਡ ਮਵਾ ਦੇ ਇਕ ਨੌਜਵਾਨ ਹਰਪ੍ਰੀਤ ਸਿੰਘ ਸੈਣੀ ਨੇ ਭਾਰਤੀ ਫੌਜ ਵਿੱਚ ਲੈਫ਼ਟੀਡੈਂਟ ਬਣ ਕੇ ਮਾਪੇ, ਸੈਣੀ ਬਰਾਦਰੀ ਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ। ਸੈਣੀ ਭਵਨ ਦੇ ਪ੍ਰਬੰਧਕ ਇਕ ਮਿਹਨਤਕਸ਼ ਪਰਿਵਾਰ ਵਿਚ ਜਨਮੇ ਹਰਪ੍ਰੀਤ ਸਿੰਘ ਸੈਣੀ ਅਤੇ ਉਸ ਦੇ ਪਿਤਾ ਸ. ਹਰਮੇਸ਼ ਸਿੰਘ ਅਤੇ ਮਾਤਾ ਸ੍ਰੀਮਤੀ ਸੁਰਿੰਦਰ ਕੌਰ ਨੂੰ ਉਨ੍ਹਾਂ ਦੇ ਸਪੁੱਤਰ ਦੇ ਲੈਫ਼ਟੀਡੈਂਟ ਬਣਨ 'ਤੇ ਵਧਾਈ ਦਿੰਦੇ ਹਨ।ਹਰਪ੍ਰੀਤ ਸਿੰਘ ਸੈਣੀ ਦਾ ਪਿਤਾ ਵੀ ਭਾਰਤੀ ਫੌਜ ਵਿਚ ਸੂਬੇਦਾਰ ਹੈ। ਆਪਣੇ ਪਿਤਾ ਤੋਂ ਦੇਸ਼ ਰੱਖਿਆ ਦਾ ਜਜ਼ਬਾ ਪ੍ਰਾਪਤ ਕਰਨ ਵਾਲੇ ਇਸ ਨੌਜਵਾਨ ਨੇ ਸਖ਼ਤ ਮੇਹਨਤ ਤੇ ਘਾਲਣਾ ਨਾਲ ਇਹ ਅਹੁਦਾ ਪ੍ਰਾਪਤ ਕੀਤਾ ਹੈ। ਉਸ ਦੀ ਇਸ ਪ੍ਰਾਪਤੀ 'ਤੇ ਸਮੁੱਚੇ ਸੈਣੀ ਭਾਈਚਾਰੇ ਨੂੰ ਮਾਣ ਹੈ। ਭਾਰਤੀ ਫੌਜ ਦੀ 73 ਫੀਲਡ ਰੈਜੀਮੈਂਟ ਦੇ ਇਸ ਲੈਫਟੀਡੈਂਟ ਹਰਪ੍ਰੀਤ ਸਿੰਘ ਸੈਣੀ ਨੂੰ ਅਫ਼ਸਰ ਸਿਖਲਾਈ ਅਕੈਡਮੀ ਚੇਨਈ ਤੋਂ ਟ੍ਰੇਨਿੰਗ ਪਾਸ ਕਰਨ ਉਪਰੰਤ ਲੈਫ਼ਟੀਨੈਂਟ ਦਾ ਸਟਾਰ ਲੱਗਿਆ ਹੈ। ਮਿਤੀ 30 ਅਪ੍ਰੈਲ 1994 ਨੂੰ ਜਨਮੇ ਹਰਪ੍ਰੀਤ ਸਿੰਘ ਸੈਣੀ ਨੇ ਸ਼ੁਰੂਆਤੀ ਸਿੱਖਿਆ ਭਾਈ ਨੰਦ ਲਾਲ ਸਕੂਲ, ਮੈਟ੍ਰਿਕ ਆਰਮੀ ਸਕੂਲ ਰਾਮਗੜ੍ਹ ਕੈਂਟ, +2 ਆਰਮੀ ਸਕੂਲ ਅਖਨੂਰ (ਜੰਮੂ), ਬੀਐਸਸੀ ਨਾਨ-ਮੈਡੀਕਲ ਸ਼੍ਰੀ ਗੁਰੂ ਨਾਨਕ ਖਾਲਸਾ ਕਾਲਜ ਸ਼੍ਰੀ ਗੰਗਾ ਨਗਰ ਤੋਂ ਪਾਸ ਕੀਤੀ।



### ਸ. ਕੁਲਵਿੰਦਰ ਸਿੰਘ ਨੂੰ ਡੀ.ਐੱਸ.ਪੀ. ਬਣਨ ਤੇ

ਸਾਬਕਾ ਸੈਨਿਕ ਸ਼੍ਰੀ ਹਰਬੰਸ ਲਾਲ ਪਿੰਡ ਦਬੋਟਾ ਹਾਲ ਵਾਸੀ ਨਿਊ ਕਲੋਨੀ, ਦੱਤੋਵਾਲ, ਤਹਿ. ਨਾਲਾਗੜ੍ਹ (ਹਿ.ਪ੍ਰ.) ਦੇ ਸਪੁੱਤਰ ਸ. ਕੁਲਵਿੰਦਰ ਸਿੰਘ ਨੂੰ ਹਿਮਾਚਲ ਪੁਲਿਸ ਵਿੱਚ ਸਿੱਧਾ ਡੀ.ਐੱਸ.ਪੀ. ਬਣਨ 'ਤੇ ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਮੁਬਾਰਕਬਾਦ ਦਿੰਦੇ ਹਨ। ਸ. ਕੁਲਵਿੰਦਰ ਸਿੰਘ ਬਰਾਦਰੀ ਦੇ ਹੋਣਹਾਰ ਨੌਜਵਾਨ ਹਨ ਜਿਨ੍ਹਾਂ ਨੇ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਤੋਂ ਐੱਮ.ਕਾਮ. ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਗਾਂਧੀਅਨ ਅਤੇ ਪੀਸ ਸਟੱਡੀ ਵਿੱਚ ਐੱਮ.ਏ. ਪਾਸ ਕੀਤੀ ਹੈ। ਅੱਜਕਲ੍ਹ ਇਨ੍ਹਾਂ ਦੀ ਡਿਊਟੀ ਊਨਾ ਵਿਖੇ ਹੈ।



### ਸ. ਦਲਜੀਤ ਸਿੰਘ ਨੂੰ ਤਰੱਕੀ ਮਿਲਣ 'ਤੇ

ਥਰਮਲ ਪਲਾਂਟ ਰੂਪਨਗਰ ਵਿੱਖੇ ਸੇਵਾ ਨਿਭਾ ਰਹੇ ਸੈਣੀ ਭਵਨ ਦੇ ਲਾਈਫ ਮੈਂਬਰ ਸ. ਦਲਜੀਤ ਸਿੰਘ (ਬਲੱਡ ਡੋਨਰ) ਨੂੰ ਤਰੱਕੀ ਉਪਰੰਤ ਡੈਸਕ ਕੰਟਰੋਲਰ ਬਣਨ ਅਤੇ ਉਨ੍ਹਾਂ ਦੇ ਸਪੁੱਤਰ ਚਰਨਦੀਪ ਸਿੰਘ ਚੈਰੀ ਨੂੰ ਨੌਕਰੀ ਮਿਲਣ ਦੀਆਂ ਬਹੁਤ ਬਹੁਤ ਮੁਬਾਰਕਾਂ ਹੋਣ। ਜ਼ਿਕਰਯੋਗ ਹੈ ਸ. ਦਲਜੀਤ ਸਿੰਘ ਤੇ ਉਸ ਦੇ ਦੋਵੇਂ ਸਪੁੱਤਰ ਸੈਣੀ ਭਵਨ ਦੇ ਸਮਾਗਮਾਂ ਅਤੇ ਖ਼ੂਨਦਾਨ ਕੈਂਪਾਂ ਦੇ ਆਯੋਜਨ 'ਚ ਅਹਿਮ ਯੋਗਦਾਨ ਪਾਉਂਦੇ ਹਨ।



ਸਮੇਂ ਦੀ ਲੋੜ

# ਮੈਂ ਪਾਣੀ ਹਾਂ ਮੈਨੂੰ ਸਾਂਭ ਲਓ

ਸੁਰਿੰਦਰ ਸੈਣੀ
ਪਿੰਡ - ਸੈਣੀ ਮਾਜਰਾ



ਪਾਣੀ ਕੁਦਰਤ ਦਾ ਇੱਕ ਅਨਮੁੱਲਾ ਸਰਮਾਇਆ ਹੈ। ਸੁਨਿਹਿਰੀ ਕੱਲ੍ਹ ਲਈ ਜਿਸ ਨੂੰ ਸਾਂਭਣਾ ਬਹੁਤ ਜ਼ਰੂਰੀ ਹੈ। ਪ੍ਰੰਤੂ ਜਦੋਂ ਅਸੀਂ ਇਸ ਵਿਸ਼ੇ ਤੇ ਗੱਲ ਕਰਦੇ ਹਾਂ ਤਾਂ ਬਹੁਤ ਸਾਰੇ ਸਵਾਲ ਉੱਠਦੇ ਹਨ ਕਿ ਯਤਨ ਕੀਤਾ ਕਿਵੇਂ ਜਾਏ? ਕੀ ਪਾਣੀ ਨੂੰ ਸਾਂਭਣ ਦਾ ਹੋਕਾ ਦੇਣ ਵਾਲੇ ਦਿਲ ਖਿਚਵੇਂ ਪੋਸਟਰ ਲਗਾਕੇ ਜਾਂ ਸਰਬਜਨਕ ਇਮਾਰਤਾਂ ਦੀਆਂ ਦੀਵਾਰਾਂ ਤੇ ਵੱਡੇ-ਵੱਡੇ ਹੋਰਡਿੰਗ ਬੋਰਡਾਂ ਰਾਹੀਂ ਆਮ ਲੋਕਾਂ ਨੂੰ ਇਸ ਵਿਸ਼ੇ ਵੱਲ ਪ੍ਰੇਰਤ ਕੀਤਾ ਜਾ ਸਕਦਾ ਹੈ? ਪ੍ਰੰਤੂ ਜਿੱਥੋਂ ਤੱਕ ਮੈਂ ਸਮਝਦਾ ਹਾਂ ਇਹ ਸੰਦੇਸ਼ ਜਾਂ ਇਹ ਪ੍ਰੇਰਨਾ ਸਰੋਤ ਬੋਰਡ ਉਦੋਂ ਤੱਕ ਅਰਥਹੀਣ ਹਨ ਜਦੋਂ ਤੱਕ ਮਨੁੱਖ ਦੇ ਆਪਣੇ ਮਨ ਵਿੱਚ ਇਸਦੀ ਸੰਭਾਲ ਦਾ ਜਜ਼ਬਾ ਪੈਂਦਾ ਨਹੀਂ ਹੁੰਦਾ।

ਜੇ ਪ੍ਰਾਚੀਨਤਾ ਵੱਲ ਝਾਤੀ ਮਾਰੀਏ ਤਾਂ ਖੂਹ, ਟੋਭੇ ਜਾਂ ਤਲਾਬ ਪਾਣੀ ਦਾ ਮੁੱਖ ਸਰੋਤ ਸਨ। ਆਪਣੀਆਂ ਨਿੱਜੀ ਲੋੜਾਂ ਲਈ ਇਹਨਾਂ ਸਰੋਤਾਂ ਤੋਂ ਪਾਣੀ ਕੱਢਣ ਲਈ ਕਾਫ਼ੀ ਕਠਿਨਾਈ ਦਾ ਸਾਹਮਣਾ ਕਰਨਾ ਪੈਂਦਾ ਸੀ। ਪਿੰਡ ਪੱਧਰ ਤੇ ਪਾਣੀ ਲਈ ਸਾਂਝੇ ਸਾਧਨਾਂ ਦਾ ਇਸਤੇਮਾਲ ਕੀਤਾ ਜਾਂਦਾ ਰਿਹਾ ਹੈ। ਪ੍ਰੰਤੂ ਅਜੋਕੇ ਸਮੇਂ ਵਿੱਚ ਆਧੁਨਿਕਤਾ ਦਾ ਇੰਨਾ ਪ੍ਰਭਾਵ ਹੈ ਕਿ ਨਿੱਜੀ ਜਾਂ ਸਰਕਾਰੀ ਯਤਨਾਂ ਨਾਲ ਡੂੰਘੇ ਟਿਊਬੈੱਲਾਂ ਦੁਆਰਾ ਪਾਣੀ ਦੀ ਵਿਵਸਥਾ ਘਰ-ਘਰ ਮੁਹੱਈਆ ਕਰ ਦਿੱਤੀ ਗਈ ਹੈ। ਅੱਜ ਕੱਲ੍ਹ ਇਹ ਜ਼ਰੂਰਤ ਮਨੁੱਖੀ ਸ਼ਕਤੀ ਤੋਂ ਬਗੈਰ ਅਸਾਨੀ ਨਾਲ ਪ੍ਰਾਪਤ ਹੋ ਰਹੀ ਹੈ। ਇਸ ਸਬੰਧ ਵਿੱਚ ਵਰਣਨਯੋਗ ਹੈ ਕਿ ਜੇਕਰ ਪਾਣੀ ਦੀ ਬੇਲੋੜੀ ਵਰਤੋਂ ਦਾ ਸਰਵੇਖਣ ਕੀਤਾ ਜਾਵੇ ਤਾਂ ਹਰੇਕ ਪਿੰਡ ਕਸਬੇ ਵਿੱਚ ਲਗਭਗ ਬਹੁ-ਫ਼ੀਸਦੀ ਘਰ ਅਜਿਹੇ ਮਿਲਣਗੇ ਜਿੱਥੇ ਪਾਣੀ ਦੇ ਸਰੋਤ ਜਿਵੇਂ ਟੂਟੀਆਂ ਆਦਿ ਬਿਨਾ ਵਰਤੋਂ ਤੋਂ ਵਿਅਰਥ ਚਲਦੇ ਮਿਲਣਗੇ। ਘਰਾਂ ਦੀਆਂ ਛੱਤਾਂ ਤੇ ਰੱਖੀਆਂ ਟੈਂਕੀਆਂ ਭਰਨ ਉਪਰੰਤ ਕਈ-ਕਈ ਘੰਟੇ ਇਹਨਾਂ ਵਿਚੋਂ ਵਿਅਰਥ ਜਾ ਰਿਹਾ ਪਾਣੀ ਹਰ-ਰੋਜ਼ ਦੇਖਿਆ ਜਾ ਸਕਦਾ ਹੈ। ਕੌਣ ਹੈ ਇਸ ਸਭ ਲਈ ਜ਼ਿੰਮੇਵਾਰ? ਕੀ ਅਰਥ ਰਹਿ ਜਾਂਦਾ ਹੈ ਪਾਣੀ ਬਚਾਓ ਦੇ ਸੰਦੇਸ਼ਾਂ ਅਤੇ ਦੀਵਾਰਾਂ ਤੇ ਲਿਖੇ ਵੱਡੇ-ਵੱਡੇ ਹੋਰਡਿੰਗ ਬੋਰਡਾਂ ਦਾ, ਲੋੜ ਹੈ ਸਾਨੂੰ ਆਪਣੇ ਅੰਤਰ ਮਨ ਵਿਚ ਝਾਤੀ ਮਾਰਨ ਦੀ, ਕਿ ਅਸੀਂ ਇਸ ਕੁਦਰਤੀ ਨਿਆਮਤ ਨੂੰ ਸਾਂਭਣ ਵਿੱਚ ਕਿੰਨੀ ਕੁ ਸਾਰਥਕ ਭੂਮਿਕਾ ਅਦਾ ਕਰ ਰਹੇ ਹਾਂ, ਜੇ ਨਹੀਂ ਤਾਂ ਕਿਉ?

ਇਸ ਮੰਦਭਾਗੀ ਸੋਚ ਦਾ ਖੁਲਾਸਾ ਕਰਨ 'ਚ ਵੀ ਮੈਂ ਸੰਕੋਚ ਨਹੀਂ ਕਰਾਂਗਾ। ਜਿਕਰਯੋਗ ਹੈ ਕਿ ਕਿਸੇ ਭਲੇ ਪੁਰਸ਼ ਨਾਲ ਇਸ ਸਬੰਧੀ ਵਾਰਤਾਲਾਪ ਹੋਏ, ਉਸਨੂੰ ਆਖਿਆ ਗਿਆ ਕਿ ਭਾਈ ਤੁਹਾਡੇ ਘਰ ਦੀ ਟੂਟੀਆਂ ਅਕਸਰ ਬਿਨਾ ਲੋੜ ਤੋਂ ਚਲਦੀਆਂ ਰਹਿੰਦੀਆਂ ਨੇ ਇਹਨਾਂ ਨੂੰ ਵਰਤੋਂ ਉਪਰੰਤ ਬੰਦ ਤਾਂ ਕਰ ਦਿਆ ਕਰੋ, ਤਾਂ ਅੱਗੋਂ ਜਵਾਬ ਆਇਆ,"ਕਿਉਂ ਤੁਹਾਡਾ ਢਿੱਡ ਦੁੱਖਦਾ, ਅਸੀਂ ਬਿੱਲ ਨੀ ਦਿੰਦੇ? ਅਸੀਂ ਜਦੋਂ ਮਰਜ਼ੀ ਤੱਕ ਪਾਣੀ ਚਲਾਈਏ ਤੁਹਾਨੂੰ ਕੀ?" ਬਲਿਹਾਰੇ ਜਾਈਏ ਅਜਿਹੀ ਵਿਚਾਰਧਾਰਾ ਦੇ।

ਇਸ ਲਈ ਆਓ ਅਸੀਂ ਸਾਰੇ ਮਿਲਕੇ ਹੰਭਲਾ ਮਾਰੀਏ। ਆਪਣੇ ਨਾਕਾਰਤਮਿਕ ਦ੍ਰਿਸ਼ਟੀਕੋਣ ਨੂੰ ਬਦਲਕੇ ਕੁਦਰਤ ਦੀਆਂ ਇਹਨਾਂ ਅਨਮੋਲ ਦਾਤਾਂ ਨੂੰ ਬਚਾਈਏ ਤਾਂ ਜੋ ਅਗਲੀਆਂ ਪੀੜ੍ਹੀਆਂ ਸਾਡੇ ਅਜਿਹੇ ਉਪਰਾਲਿਆਂ ਤੋਂ ਨਵੀਂ ਸੇਧ ਲੈ ਸਕਣ।

# ਜਸਲੀਨ ਸੈਣੀ ਨੂੰ ਸਰਵੋਤਮ ਜੂਡੋਕਾ ਬਣਨ 'ਤੇ ਵਧਾਈ

ਗੁਰਦਾਸਪੁਰ ਦੇ ਜਸਲੀਨ ਸਿੰਘ ਸੈਣੀ ਨੂੰ ਚੇਨੱਈ (ਤਾਮਿਲਨਾਡੂ) ਵਿੱਚ 26 ਤੋਂ 28 ਫਰਵਰੀ,2017 ਤੱਕ ਹੋਈ ਸੀਨੀਅਰ ਕੌਮੀ ਜੂਡੋ ਚੈਂਪੀਅਨਸ਼ਿੱਪ ਵਿੱਚ ਪੰਜਾਬ ਦੀ ਟੀਮ ਵਲੋਂ ਖੇਡਦੇ ਹੋਏ ਸਰਵੋਤਮ ਜੂਡੋਕਾ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਪੰਜਾਬ ਦੀ ਅੱਠ ਮੈਂਬਰੀ ਟੀਮ ਵਿੱਚ ਜਸਲੀਨ ਸਿੰਘ ਸੈਣੀ ਵੀ ਸ਼ਾਮਲ ਸਨ। ਪੁਰਸ਼ਾਂ ਦੇ ਵਰਗ ਵਿੱਚ ਜੂਡੋਕਾ ਬਣਨ ਦਾ ਮਾਣ ਗੁਰਦਾਸਪੁਰ ਦੇ ਸ਼ਹੀਦ ਭਗਤ ਸਿੰਘ ਜੇਐਫਆਈ ਜੂਡੋ ਟਰੇਨਿੰਗ ਸੈਂਟਰ ਦੇ ਜੂਡੋਕਾ ਜਸਲੀਨ ਸਿੰਘ ਸੈਣੀ ਨੂੰ ਪ੍ਰਾਪਤ ਹੋਇਆ ਹੈ। ਜਸਲੀਨ ਸਿੰਘ ਸੈਣੀ ਨੇ 66 ਕਿੱਲੋ ਭਾਰ ਵਰਗ ਵਿੱਚ ਸੋਨੇ ਦਾ ਤਗ਼ਮਾ ਜਿੱਤ ਕੇ ਅਗੇ ਮਈ ਮਹੀਨੇ ਵਿੱਚ ਹੋਣ ਵਾਲੀ ਏਸ਼ੀਅਨ ਜੂਡੋ ਚੈਂਪੀਅਨਸ਼ਿੱਪ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਹੈ।



ਸੈਣੀ ਭਵਨ ਰੂਪਨਗਰ ਇਸ ਹੋਣਹਾਰ ਖਿਡਾਰੀ ਜਸਲੀਨ ਸਿੰਘ ਸੈਣੀ ਅਤੇ ਇਸ ਚੈਂਪੀਅਨਸ਼ਿੱਪ ਵਿੱਚ ਸੋਨੇ ਅਤੇ ਕਾਂਸੀ ਦੇ ਤਗ਼ਮੇ ਜਿੱਤਣ ਵਾਲੇ ਜੂਡੋਕਾ ਅਵਤਾਰ ਸਿੰਘ, ਸਾਹਿਰ ਪਠਾਨੀਆ, ਹਰਸ਼ਦੀਪ ਸਿੰਘ, ਕਰਨਜੀਤ ਸਿੰਘ, ਰਾਜਵਿੰਦਰ ਕੌਰ ਤੇ ਸੁਖਪਾਲ ਕੌਰ ਅਤੇ ਇਨ੍ਹਾਂ ਦੇ ਪ੍ਰਬੰਧਕਾਂ ਨੂੰ ਵਧਾਈ ਦਿੰਦਾ ਹੈ ਅਤੇ ਭਵਿੱਖ ਦੇ ਮੁਕਾਬਲਿਆਂ ਲਈ ਸ਼ੁਭ ਕਾਮਨਾਵਾਂ ਦਿੰਦਾ ਹੈ।

## STROKE AWARENESS-IT MATTERS

Dr. Puneet Saini
Rupnagar



India like other developing countries is in the midst of a stroke epidemic. It poses a huge burden on our community and economy as it is a leading cause of immature death and disability. Strokes akacerebrovascular accident (adharang) is defined as an abrupt onset neurological disorder of vascular etiology. It is of two types- 1. Ischaemic which is more common and occurs in about 85% of cases occurs due to narrowing or blocking of arteries. Hence brain does not get enough oxygen and nutrients which cause brain cells to die. Second type is Haemorrhagic which occur due to leaking or bursting of arteries in brain. Leaked blood causes pressure on brain cells and damages them.

According to recent studies the incident rate of stroke is 145/lac populations with case fatality rates as high as 42%. The high risk factors include diseases, like Hypertension, Diabetes and factors like smoking and drinking.

The faster a person with suspected stroke receives medical attention, better their prognosis and less likely they will be able to experience lasting damage or death. FAST is an acronym that can help you quickly recognise the warning signs and symptoms of stroke.

F: Face drooping-Ask the person to smile and see if one side is drooping. One side of face may also be numb. And smile may appear uneven.

A: - Arm weakness – Ask the person to raise both arms. Ask for weakness / numbness on one side? One arm drooping downward is a sign of one side weakness.

S. Speech Difficulty: May cause slurring of speech or difficulty in speaking. Ask a person to repeat a simple sentence and look for any speech abnormality.

T. Time to call- Go to hospital immediately if any of the above symptoms are recognized.

Other possible signs and symptom includes sudden onset of:-

1) Weakness/ paralysis of any part of body.
2) Gait disturbance or loss of balance/ Coordination.
3) Vision disturbance
4) Dizziness
5) Severe headache
6) Confusion
7) Difficulty swallowing/ behavioural change.

The most effecting way to prevent stroke is maintaining a healthy lifestyle i.e work to reduce the modifiable risk factors like eating habits, smoking, drinking and increasing physical activities. Also control your high blood pressure, high cholesterol and diabetes.

Stroke rehabilitation is an important part of recovering after stroke. The goal of it is to relearn skills you have lost when stroke affected part of your brain. It improves quality of life as brain has adaptive capacity and can recover the some of its function.

So it is important to keep in mind to love your heart but also to help your brain by eating well and dare not to ignore your symptoms.

### ਸੜੀ ਚਮੜੀ ਦਾ ਇਲਾਜ

ਜੇਕਰ ਚਮੜੀ ਸੜ ਜਾਵੇ ਤਾਂ ਲੂਣ ਦੇ ਗਾੜ੍ਹੇ ਘੋਲ ਦਾ ਲੇਪ ਕਰੋ। ਸ਼ਹਿਦ ਤੇ ਲੌਂਗ ਪੀਹ ਕੇ ਵੀ ਉੱਪਰ ਲਾਏ ਜਾ ਸਕਦੇ ਹਨ। ਜਲੀ ਚਮੜੀ ਦਾ ਦਾਗ਼ ਮਿਟਾਉਣ ਲਈ ਸ਼ਹਿਦ ਦਾ ਫੰਭਾ ਉੱਪਰ ਰੱਖੋ ਜਾਂ ਬੰਨ੍ਹ ਦਿਓ । ਆਲੂ ਪੀਹ ਕੇ ਵੀ ਉਪਰ ਲਾਏ ਜਾ ਸਕਦੇ ਹਨ। ਸ਼ੁੱਧ ਸ਼ਹਿਦ ਦਾ ਲੇਪ ਕੀਤਾ ਜਾ ਸਕਦਾ ਹੈ। ਮਹਿੰਦੀ ਦਾ ਲੇਪ ਵੀ। ਕੇਲੇ ਦਾ ਗੁੱਦਾ ਵੀ ਲਾਇਆ ਜਾ ਸਕਦਾ ਹੈ।



ਅੰਤਰ-ਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ

# ਔਰਤ ਤੇਰੀ ਕਹਾਣੀ

ਸੰਦੀਪ ਕੌਰ



ਔਰਤ ਜੋ ਇਸ ਜਗਤ ਦੀ ਰਚਨਾ ਕਰਦੀ ਹੈ ਉਸ ਦੀ ਆਪਣੀ ਰਚਨਾ ਹੋਣ ਤੇ ਦੁੱਖ ਮਨਾਇਆ ਜਾਂਦਾ ਹੈ। ਸਾਡੇ ਗੁਰੂਆਂ ਤੇ ਪੀਰਾਂ ਨੇ ਔਰਤ ਨੂੰ ਬਹੁਤ ਮਹਾਨ ਦਰਜਾ ਦਿੱਤਾ ਹੈ।ਸਾਡੇ ਇਤਿਹਾਸ ਵਿੱਚ ਸਾਡੀਆ ਰਚਨਾਵਾਂ ਤੇ ਕਵਿਤਾਵਾਂ ਵਿੱਚ ਔਰਤ ਨੂੰ ਬਹੁਤ ਉੱਚਾ ਦਰਜਾ ਦਿੱਤਾ ਗਿਆ ਹੈ। ਔਰਤ ਦੀ ਇਹ ਇੱਜ਼ਤ ਸਿਰਫ਼ ਕਹਾਣੀਆਂ,ਲੇਖਾਂ,ਰਚਨਾਵਾਂ ਵਿੱਚ ਹੀ ਕੀਤੀ ਗਈ ਹੈ।ਆਮ ਜ਼ਿੰਦਗੀ ਵਿੱਚ ਔਰਤ ਦੀ ਤਸਵੀਰ ਕੁੱਝ ਹੋਰ ਹੈ।ਉਸ ਦੇ ਜਨਮ ਤੇ ਘਰ ਵਿੱਚ ਖੁਸ਼ੀ ਜ਼ਰੂਰ ਹੁੰਦੀ ਹੈ ਪਰ ਦਿਲਾਂ ਵਿੱਚ ਸਨਾਟਾ ਹੁੰਦਾ ਹੈ।ਭਾਵੇਂ ਉਸ ਨੂੰ ਲਾਡਾਂ ਨਾਲ ਪਾਲਦੇ ਹਨ ਦੂਜੀ ਵਾਰ ਕੁੜੀ ਪੈਦਾ ਹੋ ਜਾਵੇ ਤਾਂ ਉਹ ਸਨਾਟਾ ਦਿਲਾਂ ਚੋਂ ਬਾਹਰ ਨਿਕਲਦਾ ਹੈ ਜੋ ਰੱਬ ਨੂੰ ਕੋਸਦਾ ਹੈ।ਮੁੰਡਾ ਹੋਣ ਤੇ ਤਾਂ ਖੁਸ਼ੀ ਮਨਾਈ ਜਾਂਦੀ ਲੱਡੂ ਵੰਡੇ ਜਾਂਦੇ ਹਨ ਲੋਹੜੀਆਂ ਮਨਾਈਆਂ ਜਾਂਦੀਆਂ ਹਨ। ਭਾਵੇ ਅੱਜ ਕੱਲ੍ਹ ਕੁੜੀਆਂ ਦੀਆਂ ਲੋਹੜੀਆਂ ਵੀ ਮਨਾਈਆਂ ਜਾਂਦੀਆਂ ਹਨ।ਪਰ ਉਹ ਲੋਕ ਲੋਹੜੀਆਂ ਮਨਾ ਕੇ ਸਿਰਫ਼ ਦਿਖਾਵਾ ਹੀ ਕਰਦੇ ਹਨ ।ਮਾਪੇ ਧੀਆਂ ਨੂੰ ਮੁੰਡਿਆਂ ਜਿਨਾ ਪੜ੍ਹਾਉਂਦੇ ਹਨ।ਆਪਣੀ ਧੀ ਨੂੰ ਹਰ ਖੁਸ਼ੀ ਦੇਣ ਦੀ ਕੋਸ਼ਿਸ਼ ਕਰਦੇ ਹਨ ਆਪਣੀ ਧੀ ਨੂੰ ਲਾਡਾਂ ਨਾਲ ਪਾਲਦੇ ਹਨ ਪਰ ਉਹਨਾਂ ਦੀ ਲਾਡਲੀ ਧੀ ਨੂੰ ਸਿਰਫ਼ ਮਾਂ-ਬਾਪ ਨਾਲ ਹੀ ਨਹੀ ਬਲਕਿ ਕਈ ਰਿਸ਼ਤਿਆਂ ਨਾਲ ਰਹਿਣਾ ਪੈਂਦਾ ਹੈ।ਮਾ-ਬਾਪ ਆਪਣੀ ਧੀ ਨੂੰ ਪੜ੍ਹਾਉਂਦੇ ਹਨ ਕਿ ਉਸ ਨੂੰ ਚੰਗਾ ਸਹੁਰਾ ਪਰਿਵਾਰ ਮਿਲ ਸਕੇ।ਮਾਪਿਆਂ ਦੇ ਘਰ ਲੜਕੀ ਨੂੰ ਖੁੱਲ੍ਹ ਕੇ ਜੀਣ ਦੀ ਅਜ਼ਾਦੀ ਹੁੰਦੀ ਹੈ ਪਰ ਉਸ ਨੂੰ ਹਮੇਸ਼ਾ ਅਹਿਸਾਸ ਕਰਾਇਆ ਜਾਂਦਾ ਹੈ ਕਿ ਇਹ ਉਸ ਦਾ ਘਰ ਨਹੀਂ ਹੈ। ਕਦੇ-ਕਦੇ ਕਿਸਮਤ ਐਸਾ ਧੋਖਾ ਦਿੰਦੀ ਹੈ ਕਿ ਸਹੁਰੇ ਕਹਿੰਦੇ ਨੇ ਜੋ ਕਰਨਾ ਸੀ ਆਪਣੇ ਘਰ ਹੀ ਕਰ ਕੇ ਆਉਂਦੀ । ਸਹੀ ਸ਼ਬਦਾਂ ਵਿੱਚ ਇੱਕ ਔਰਤ ਦਾ ਜਨਮ ਤੋਂ ਲੈ ਕੇ ਮਰਨ ਤੱਕ ਕੋਈ ਘਰ ਨਹੀਂ ਹੈ।

ਸਹੁਰੇ ਘਰ ਜਾ ਕੇ ਇੱਕ ਨਵੀਂ ਜ਼ਿੰਦਗੀ ਸ਼ੁਰੂ ਹੁੰਦੀ ਹੈ।ਇੱਕ ਪਰਿਵਾਰ ਨੂੰ ਛੱਡ ਕੇ ਦੂਜੇ ਪਰਿਵਾਰ ਵਿੱਚ ਰਹਿਣਾ ਵੀ ਔਰਤ ਦੇ ਹਿੱਸੇ ਆਇਆ ਹੈ। ਪਰ ਫ਼ਿਰ ਵੀ ਉਹ ਮਹਾਨ ਹੈ।ਸਹੁਰੇ ਆਪਣੇ ਪਰਿਵਾਰ ਨੂੰ ਚਲਾਉਣ ਲਈ ਨੂੰਹ ਲੈ ਕੇ ਆਏ ਹਨ।ਪਰ ਉਹ ਸੋਚਦੇ ਹਨ ਕਿ ਕਿਸੇ ਦੀ ਧੀ ਨੂੰ ਆਪਣੇ ਘਰ ਲਿਆ ਕੇ ਧੀ ਵਾਲਿਆਂ ਤੇ ਅਹਿਸਾਨ ਕਰ ਰਹੇ ਹਨ।ਧੀ ਵਾਲੇ ਹਮੇਸ਼ਾ ਨੀਵੇਂ ਹੁੰਦੇ ਹਨ ਤੇ ਪੁੱਤ ਵਾਲੇ ਹਮੇਸ਼ਾਂ ਉੱਚੇ ਹੁੰਦੇ ਹਨ।ਇਹ ਫ਼ਰਕ ਕਦੇ ਵੀ ਨਹੀਂ ਮਿਟ ਸਕਦਾ ਜਿੰਨਾ ਮਰਜ਼ੀ ਲਿਖੋ ਪਰ ਔਰਤ ਦੀ ਕਹਾਣੀ ਕਦੇ ਖ਼ਤਮ ਨਹੀਂ ਹੋਵੇਗੀ।

ਔਰਤ ਦਿਵਸ 'ਮਨਾਉਂਦੇ ਹਾਂ।ਇਸ ਦਿਨ ਵੀ ਉਹ ਰੋਜ਼ ਦੀ ਤਰ੍ਹਾਂ ਆਪਣੇ ਘਰ ਪਰਿਵਾਰ ਵਿੱਚ ਹੀ ਫਸੀਆਂ ਰਹਿੰਦੀਆਂ ਹਨ।ਗੁਰੂ ਨਾਨਕ ਜੀ ਨੇ ਲਿਖਿਆ, "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ," ਔਰਤ ਦਿਵਸ 'ਤੇ ਸਭ ਨੇ ਆਪਣੀ ਫੇਸਬੁੱਕ ਤੇ ਇਹਨਾਂ ਤੁੱਕਾਂ ਨੂੰ ਲਿਖ ਕੇ ਆਪ ਨੂੰ ਮਹਾਨ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਲੋਕੋਂ ਧੀਆਂ ਬਚਾਓ।ਔਰਤ, ਮਰਦ ਦੀ ਬਰਾਬਰੀ ਨਹੀਂ ਇੱਜਤ ਚਾਹੁੰਦੀ ਹੈ। ਪਿਤਾ, ਪਤੀ ,ਪੁੱਤਰਾਂ ਦੀ ਗੁਲਾਮੀ ਤੋਂ ਆਜ਼ਾਦ ਆਪਣੀ ਅਲੱਗ ਜਗ੍ਹਾ ਚਾਹੁੰਦੀ ਹੈ। ਉਸ ਨੂੰ ਆਪਣਾ ਖੁਦ ਦਾ ਨਾਮ ਚਾਹੀਦਾ ਹੈ ਕਿਸੇ ਦੇ ਨਾਮ ਦੀ ਪਹਿਚਾਣ ਨਹੀਂ ਚਾਹੀਦੀ।

# ਪੰਜਾਬ ਅਸੈਂਬਲੀ ਚੋਣਾਂ 2017 'ਚ ਸੈਣੀ ਬਰਾਦਰੀ ਦੀ ਕਾਰਗੁਜ਼ਾਰੀ

ਪੰਜਾਬ ਦੇ 117 ਵਿੱਚੋਂ 19 ਵਿਧਾਨ ਸਭਾ ਹਲਕਿਆਂ ਵਿੱਚ ਕੁੱਲ 7 ਲੱਖ 13 ਹਜ਼ਾਰ ਦੇ ਕਰੀਬ ਵੋਟਰ ਸੈਣੀ ਬਰਾਦਰੀ ਦੇ ਹਨ। ਇਨ੍ਹਾਂ ਵਿੱਚੋਂ 9 ਹਲਕੇ ਅਨੁਸੂਚਿਤ ਜਾਤੀਆਂ ਲਈ ਰਾਖਵੇਂ ਹਨ ਜਦੋਂ ਕਿ 10 ਹਲਕਿਆਂ ਵਿਚ ਸੈਣੀ ਵੋਟਰਾਂ ਦੀ ਗਿਣਤੀ 9000-18000 ਦੇ ਵਿਚਕਾਰ ਅਤੇ 12 ਹਲਕਿਆਂ ਡੇਰਾਬੱਸੀ, ਖਰੜ, ਰੂਪਨਗਰ, ਟਾਂਡਾ ਉੜਮੜ, ਆਨੰਦਪੁਰ ਸਾਹਿਬ, ਹੁਸ਼ਿਆਰਪੁਰ, ਮੋਹਾਲੀ ਸ਼ਹਿਰ, ਗੁਰਦਾਸਪੁਰ ਸ਼ਹਿਰ ਵਿਚ 18000-45000 ਦੇ ਵਿਚਕਾਰ ਹੈ। ਚੋਣਾਂ ਤੋਂ ਪਹਿਲਾਂ ਸੈਣੀ ਭਵਨ ਦੇ ਪ੍ਰਬੰਧਕਾਂ ਨੇ ਰਾਜਨੀਤਿਕ ਪਾਰਟੀਆਂ ਦੇ ਉੱਚ ਨੇਤਾਵਾਂ ਨੂੰ ਮਿਲ ਕੇ ਬੇਨਤੀ ਕੀਤੀ ਸੀ ਕਿ ਇਨ੍ਹਾਂ 12 ਹਲਕਿਆਂ ਵਿੱਚ ਸੈਣੀ ਬਰਾਦਰੀ ਦੇ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਜਾਣ। ਇਸ ਦੇ ਬਾਵਜੂਦ ਕੇਵਲ ਤਿੰਨ ਰਾਜਨੀਤਿਕ ਪਾਰਟੀਆਂ ਦੇ ਪੰਜ ਸੈਣੀ ਉਮੀਦਵਾਰ ਖੜ੍ਹੇ ਕੀਤੇ, ਜਿਨ੍ਹਾਂ ਵਿੱਚ ਕਾਂਗਰਸ ਦਾ ਇੱਕ (ਨਵਾਂ ਸ਼ਹਿਰ), ਬੀ.ਜੇ.ਪੀ. ਦਾ ਇੱਕ (ਫਿਰੋਜ਼ਪੁਰ ਸ਼ਹਿਰ) ਅਤੇ ਆਮ ਆਦਮੀ ਪਾਰਟੀ ਦੇ ਤਿੰਨ (ਪਟਿਆਲਾ ਸ਼ਹਿਰ, ਕਾਦੀਆਂ ਅਤੇ ਨਵਾਂ ਸ਼ਹਿਰ) ਸ਼ਾਮਿਲ ਹਨ।ਇਨ੍ਹਾਂ ਉਮੀਦਵਾਰਾਂ ਦੀ ਕਾਰਗੁਜ਼ਾਰੀ ਇਸ ਪ੍ਰਕਾਰ ਸੀ:-

**ਸ਼੍ਰੀ ਅੰਗਦ ਸਿੰਘ ਸੈਣੀ,** ਕਾਂਗਰਸ (ਨਵਾਂ ਸ਼ਹਿਰ) -ਜੇਤੂ

**ਡਾ. ਬਲਵੀਰ ਸਿੰਘ,** ਆਮ ਆਦਮੀ ਪਾਰਟੀ (ਪਟਿਆਲਾ ਸ਼ਹਿਰ) -ਦੂਜਾ ਸਥਾਨ

**ਸ. ਸੁਖਪਾਲ ਸਿੰਘ ਨਨੂਆਂ,** ਬੀ.ਜੇ.ਪੀ (ਫਿਰੋਜ਼ਪੁਰ ਸ਼ਹਿਰ) -ਦੂਜਾ ਸਥਾਨ

**ਸ਼੍ਰੀ ਚਰਨਜੀਤ ਸਿੰਘ ਚੰਨੀ,** ਆਮ ਆਦਮੀ ਪਾਰਟੀ (ਨਵਾਂ ਸ਼ਹਿਰ) -ਤੀਜਾ ਸਥਾਨ

**ਸ.ਕਮਲਪ੍ਰੀਤ ਸਿੰਘ,** ਆਮ ਆਦਮੀ ਪਾਰਟੀ (ਕਾਦੀਆਂ) - ਤੀਜਾ ਸਥਾਨ

ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਆਪਣੇ ਇਨ੍ਹਾਂ ਪੰਜ ਰਾਜਨੀਤਿਕ ਨੇਤਾਵਾਂ ਦੁਆਰਾ ਕੀਤੇ ਸੰਘਰਸ਼ ਦੀ ਸ਼ਲਾਘਾ ਕਰਦੇ ਹਨ। ਉਮੀਦ ਕਰਦੇ ਹਨ ਕਿ ਜੇ ਉਹ ਲੋਕਾਂ ਨਾਲ ਜੁੜੇ ਰਹਿਣਗੇ ਤਾਂ ਭਵਿੱਖ ਵਿੱਚ ਵੱਡੀਆਂ ਪ੍ਰਾਪਤੀਆਂ ਹਾਸਲ ਕਰਨਗੇ।

ਕਹਾਣੀ

## ਧਰਮ ਕਰਮ

ਬਲਵੰਤ ਸਿੰਘ ਸਨੇਹੀ



ਜਦੋਂ ਮਹੀਨੇ ਦੀ ਪਹਿਲੀ ਤਰੀਕ ਨੂੰ ਮੈਂ ਆਪਣੀ ਤਨਖ਼ਾਹ ਲੈ ਕੇ ਨਵੇਂ ਨਵੇਂ ਤੇ ਖੜਕਦੇ ਨੋਟ ਆਪਣੀ ਘਰ ਵਾਲੀ ਨੂੰ ਫੜਾਏ ਤਾਂ ਉਹ ਖੁਸ਼ੀ ਨਾਲ ਝੂਮ ਉੱਠੀ। ਪਰ ਇਹ ਖੁਸ਼ੀ ਤਾਂ ਕੁਝ ਪਲ ਲਈ ਹੀ ਸੀ। ਉਹ ਉਦਾਸ ਹੋ ਗਈ ਕਿਉਂਕਿ ਉਹ ਨਵੇਂ-ਨਵੇਂ ਨੋਟ ਆਪਣੇ ਕੋਲ ਕਿੰਨੀ ਦੇਰ ਰੱਖ ਸਕਦੀ ਸੀ। ਪੇਟ ਨੂੰ ਝੁਲਕਾ ਦੇਣ ਲਈ ਇਹ ਨੋਟ ਫੂਕਣੇ ਹੀ ਪੈਣੇ ਸਨ।

ਅਸੀਂ ਦੋਵੇਂ ਉਸ ਮਹੀਨੇ ਦਾ ਬਜਟ ਬਣਾਉਣ ਲੱਗੇ। ਕਿਰਾਏ-ਭਾੜੇ, ਬਿਜਲੀ-ਪਾਣੀ ਦੇ ਖਰਚੇ, ਰਾਸ਼ਨ ਤੇ ਦੁੱਧ ਵਾਲੇ ਦਾ ਬਿੱਲ, ਬੱਚਿਆਂ ਦੀਆਂ ਫੀਸਾਂ, ਉਨ੍ਹਾਂ ਦੀਆਂ ਕਿਤਾਬਾਂ, ਰਿਕਸ਼ਿਆਂ ਦਾ ਖਰਚਾ। ਗੱਲ ਕੀ ਜੋ ਪੈਸਾ ਆਇਆ ਸੀ ਉਹ ਤਾਂ ਸਾਰਾ ਘਰ ਦੀਆਂ ਡੂੰਘੀਆਂ ਖੱਡਾਂ ਵਿਚ ਅਲੋਪ ਹੋ ਗਿਆ ਲਗਦਾ ਸੀ। ਉਪਰੋਂ ਰੱਬ ਨਾ ਕਰੇ ਜੇ ਕੋਈ ਬਿਮਾਰ ਹੋ ਜਾਏ ਤਾਂ ਡਾਕਟਰਾਂ ਦੇ ਘਰ ਭਰਨ ਲਈ ਕਿਧਰੋਂ ਪੈਸਾ ਆਵੇਗਾ!

"ਆਈਸ ਕਰੀਮ,ਠੰਡੀ-ਮਿੱਠੀ ਕੁਲਫੀ! " ਬਾਹਰੋਂ ਆਵਾਜ਼ ਸੁਣ ਕੇ ਬੱਚਿਆਂ ਨੇ ਆਈਸ-ਕਰੀਮ ਲੈਣ ਦੀ ਜ਼ਿਦ ਕੀਤੀ। ਅਸੀਂ ਉਨ੍ਹਾਂ ਨੂੰ ਟੁੱਟ ਕੇ ਪੈ ਗਏ, "ਅੱਗੇ ਹੀ ਨਹੀਂ ਖਰਚਾ ਠੀਕ ਹੁੰਦਾ,ਉਤੋਂ ਤੁਹਾਡੀਆਂ ਪੜ੍ਹਾਈਆਂ ਤੇ ਨਿੱਕ ਸੁੱਕ ! ਜਾਓ ਕੋਈ ਨੀ ਲੈਣੀ ਕੁਲਫੀ-ਕਲਫੀ। ਇਹ ਚੀਜ਼ਾਂ ਵੇਚਣ ਵਾਲਿਆਂ ਨੇ ਵੀ ਨੱਕ ਵਿਚ ਦਮ ਕਰ ਰਖਿਐ। " ਬੱਚੇ ਸਿਮਟਕੇ ਖੂੰਜੇ ਜਾ ਲੱਗੇ।

ਅਸੀਂ ਫੇਰ ਕਿਸੇ ਖਰਚੇ 'ਤੇ ਲਕੀਰ ਫੇਰ ਦੇਂਦੇ,ਕਦੇ ਕਿਸੇ ਖਰਚੇ 'ਤੇ। ਗੱਲ ਕੀ ਘੰਟਿਆਂ-ਬੱਧੀ ਮਗਜ਼ ਮਾਰਨ ਪਿੱਛੋਂ ਵੀ ਕੁਝ ਹੱਥ-ਪੱਲੇ ਨਹੀਂ ਸੀ ਪੈ ਰਿਹਾ।

ਇੰਨੇ ਨੂੰ ਬਾਹਰੋਂ ਸੰਗਤਰੇ ਵੇਚਣ ਵਾਲਿਆਂ ਦੀ ਆਵਾਜ਼ ਸੁਣ ਕੇ ਬੱਚੇ ਲੈਣ ਦੀ ਜ਼ਿਦ ਕਰਨ ਲੱਗੇ,"ਪਾਪਾ ਜੀ ਅੱਜ ਤਾਂ ਪਹਿਲੀ ਤਰੀਕ ਏ, ਨਾਲੇ ਤੁਸੀਂ ਤਨਖਾਹ ਵੀ ਲੈ ਕੇ ਆਏ ਹੋ। ਸੰਗਤਰੇ ਹੀ ਖੁਆ ਦਿਉ। "

ਮੈਂ ਉਨ੍ਹਾਂ ਦੀ ਫਰਮਾਇਸ਼ ਸੁਣ ਕੇ ਅੱਗ-ਬਬੂਲਾ ਹੋ ਗਿਆ। ਮੈਂ ਆਪਣੇ ਬਲੱਡ ਪਰੈਸ਼ਰ 'ਤੇ ਕੰਟਰੋਲ ਨਾ ਕਰਦਾ ਹੋਇਆ ਚਟਾਕ ਦੇ ਕੇ ਉਨ੍ਹਾਂ ਦੇ ਥੱਪੜ ਜੜ ਦਿਤੇ। ਉਹ ਮੂੰਹ ਮਲਦੇ ਹੋਏ ਰਹਿ ਗਏ।

ਇੰਨੇ ਨੂੰ ਬਾਹਰਲਾ ਦਰਵਾਜ਼ਾ ਖੜਕਿਆ। ਜਦੋਂ ਬੂਹਾ ਖੋਲ੍ਹਿਆ ਤਾਂ ਵੇਖਿਆ ਕਿ ਚਾਰ ਪੰਜ ਆਦਮੀ ਸਾਡੇ ਅੰਦਰ ਆ ਗਏ। ਮੈਂ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਕਹਿਣ ਤੋਂ ਬਾਅਦ "ਆਉ ,ਜੀ ਆਇਆਂ ਨੂੰ, ਦੱਸੋ ਹੁਕਮ ਫੁਰਮਾਉ ਕੀ ਸੇਵਾ ਕਰੀਏ ਆਪ ਦੀ?"

"ਸੇਵਾ ਸੂਵਾ ਤਾਂ ਬਾਅਦ ਵਿਚ ਸਹੀ। ਅਸੀਂ ਆਪ ਨੂੰ ਥੋੜ੍ਹੀ ਤਕਲੀਫ ਦੇਣ ਆਏ ਹਾਂ। ਇਕ ਧਰਮ ਸੰਮੇਲਨ ਕਰਵਾ ਰਹੇ ਹਾਂ। ਧਰਮ ਕਰਮ ਦਾ ਕੰਮ ਹੈ (ਦੂਜੇ ਬੰਦੇ ਨੂੰ ਸੰਬੋਧਨ ਕਰਦਿਆਂ ਕਹਿਣ ਲੱਗੇ) ਕੱਟੋ ਜੀ ਇਨ੍ਹਾਂ ਦੀ ਰਸੀਦ ਦੋ ਸੌ ਇਕਵੰਜਾ ਰੁਪਏ ਦੀ !"

ਮਿੰਟਾਂ ਸਕਿੰਟਾਂ ਵਿਚ ਹੀ ਉਸ ਦੀ ਕਲਮ ਚੱਲੀ ਤੇ ਪਰਚੀ ਮੇਰੇ ਹੱਥ ਵਿਚ ਆ ਗਈ । ਦੋ ਸੌ ਇਕਵੰਜਾ ਰੁਪਏ ਲੈ ਕੇ ਉਹ ਤੁਰਦੇ ਬਣੇ। ਬੱਚੇ ਬੜੀ ਹੈਰਾਨੀ ਨਾਲ ਉਨ੍ਹਾਂ ਨੂੰ ਜਾਂਦਿਆਂ ਵੇਖਦੇ ਰਹੇ !!

* * * * *

## ਸੈਣੀ ਭਵਨ ਦੀ ਵਿਸ਼ੇਸ਼ ਪ੍ਰਾਪਤੀ

ਪੰਜਾਬ ਸਰਕਾਰ ਨੇ ਸੈਣੀ ਬਰਾਦਰੀ ਦੀ ਪੁਰਜ਼ੋਰ ਮੰਗ 'ਤੇ ਇਸ ਨੂੰ ਪਛੜੀਆਂ ਸ਼੍ਰੇਣੀਆਂ ਦੀ ਕੈਟਾਗਰੀ ਵਿੱਚ ਸ਼ਾਮਿਲ ਕੀਤਾ ਹੈ। ਇਹ ਬਹੁਤ ਹੀ ਸ਼ਲਾਘਾਯੋਗ ਤੇ ਜਾਇਜ਼ ਫੈਸਲਾ ਹੈ ਜਿਸ ਦਾ ਇਸ ਜਾਤ ਦੇ ਬਹੁਗਿਣਤੀ ਲੋਕਾਂ ਨੂੰ ਲਾਭ ਹੋਵੇਗਾ। ਇਸ ਗੱਲ ਵਿੱਚ ਕੋਈ ਦੋ ਰਾਏ ਨਹੀਂ ਕਿ ਬਰਾਦਰੀ ਦੀ ਬੇਹਤਰੀ ਲਈ ਇਸ ਅਹਿਮ ਫੈਸਲੇ ਨੂੰ ਅਮਲ ਵਿੱਚ ਲਿਆਉਣ ਲਈ ਸੈਣੀ ਬਰਾਦਰੀ ਦੇ ਸੂਝਵਾਨ ਵਿਅਕਤੀਆਂ ਦੇ ਸਹਿਯੋਗ ਨਾਲ ਸ਼੍ਰੀ ਤਰਸੇਮ ਸੈਣੀ ਪਟਿਆਲਾ ਦੀ ਮੁੱਖ ਭੂਮਿਕਾ ਰਹੀ ਹੈ। ਸ਼੍ਰੀ ਤਰਸੇਮ ਸੈਣੀ ਪਟਿਆਲਾ ਸੈਣੀ ਭਵਨ ਰੂਪਨਗਰ ਦੇ ਟਰੱਸਟੀ ਹਨ ਅਤੇ ਸਾਲ 2009 ਵਿੱਚ ਓ.ਬੀ.ਸੀ. ਬਾਰੇ ਪੰਜਾਬ ਸਰਕਾਰ ਵਲੋਂ ਜਾਰੀ ਹੋਏ ਪੱਤਰ ਤੇ ਲਗਾਈ ਗਈ ਰੋਕ ਤੋਂ ਬਾਅਦ ਸੈਣੀ ਭਵਨ ਰੂਪਨਗਰ ਨੇ ਬਰਾਦਰੀ ਨੂੰ ਓ.ਬੀ.ਸੀ. ਦਾ ਲਾਭ ਦਵਾਉਣ ਲਈ ਨੋਡਲ ਏਜੰਸੀ ਦੇ ਤੌਰ ਤੇ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਨੇ ਇਸ ਉਦੇਸ਼ ਦੀ ਪ੍ਰਾਪਤੀ ਲਈ ਕੋਈ ਕਸਰ ਬਾਕੀ ਨਾ ਛੱਡੀ। ਨੋਡਲ ਏਜੰਸੀ ਵਜੋਂ ਇਸ ਸਬੰਧ ਵਿੱਚ ਬਰਾਦਰੀ ਦੇ ਸੂਝਵਾਨ ਲੋਕਾਂ ਨੂੰ ਇੱਕ ਮੰਚ ਤੇ ਇੱਕਠਾ ਕਰਨ ਲਈ ਕਈ ਵਾਰ ਮੀਟਿੰਗਾਂ ਦਾ ਆਯੋਜਨ ਕੀਤਾ, ਮੀਡੀਆ ਰਾਹੀ ਲੋਕਾਂ ਨੂੰ ਸੁਚੇਤ ਕੀਤਾ, ਹਰ ਇੱਕ ਮੰਚ ਤੇ ਇਸ ਮੁੱਦੇ ਨੂੰ ਲੈ ਕੇ ਬਰਾਦਰੀ ਨੂੰ ਸੰਯੁਕਤ ਕਰਨ ਅਤੇ ਮੁੱਖ ਮੰਤਰੀ ਤੱਕ ਪਹੁੰਚ ਦੌਰਾਨ ਖੁੱਲ੍ਹ ਕੇ ਸ਼ਿਰਕਤ ਕੀਤੀ।

* * * * *

ਉੱਚਾ ਬੁਰਜ ਲਾਹੌਰ ਦਾ ਹੇਠ ਵਗੇ ਦਰਿਆ
ਆ ਮਜ਼ਦੂਰਾ ਸ਼ਹਿਰ ਵਾਲਿਆ ,ਮੈਂ ਤੇਰਾ ਜੱਟ ਭਰਾ
ਤੈਨੂੰ ਲੁੱਟਦੇ ਕਾਰਾਂ ਵਾਲੇ, ਮੈਨੂੰ ਪਿੰਡ ਦੇ ਸ਼ਾਹ
ਆਪਾਂ ਦੋਵੇਂ ਰੱਲ ਚੱਲੀਏ ਸਾਂਝੇ ਦੁਸ਼ਮਣ ਫਾਹ ।

-ਪਾਸ਼

ਤੰਦਰੁਸਤੀ ਲਈ ਯੋਗ ਸਿੱਖਿਆ

# ਯੋਗ ਆਸਣ ਕਿਵੇਂ ਕਰੀਏ ?

ਰਾਜਿੰਦਰ ਸੈਣੀ
ਰੂਪਨਗਰ



ਪਿੱਛਲੇ ਅੰਕ ਤੋਂ ਚਲਦਾ--

24ਵੇਂ ਅੰਕ ਵਿੱਚ ਬੈਠ ਕੇ ਕੀਤੇ ਜਾਣ ਵਾਲੇ ਸੁਪਤਵਜਰ ਆਸਣ ਤੋਂ ਇਲਾਵਾ ਪੇਟ ਦੇ ਬਲ ਕੀਤੇ ਜਾਣ ਵਾਲੇ ਕੁਝ ਆਸਣਾਂ ਬਾਰੇ ਜ਼ਿਕਰ ਸੀ। ਇਸ ਅੰਕ ਵਿੱਚ ਪਿੱਠ ਦੇ ਬਲ ਕੀਤੇ ਜਾਣ ਵਾਲੇ ਚੋਣਵੇਂ ਆਸਣਾਂ ਦਾ ਜ਼ਿਕਰ ਹੈ।

## ਪਿੱਠ ਦੇ ਬਲ ਕੀਤੇ ਜਾਣ ਵਾਲੇ ਆਸਣ

ਪਾਦੋਤਾਣ ਆਸਣ:-ਜੇ ਸਾਡਾ ਪੇਟ ਠੀਕ ਹੋਏ ਤਾਂ ਸਾਰੇ ਰੋਗਾਂ ਦਾ ਹਮਲਾ ਘੱਟ ਹੁੰਦਾ ਹੈ। ਪੇਟ ਦੇ ਸਾਰੇ ਅੰਗਾਂ ਨੂੰ ਪੁਸ਼ਟ ਰੱਖਣ ਦੀ ਜਾਣੋ ਪੂਰੀ ਜਿੰਮੇਵਾਰੀ ਇਸੇ ਆਸਣ ਦੀ ਹੈ। ਇਸ ਲਈ ਇਹ ਇੱਕ ਮਹੱਤਵਪੂਰਣ ਆਸਣ ਹੈ। ਇਸ ਵਿੱਚ ਵੱਡੀ ਆਂਤ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਹੋਣ ਦੇ ਕਾਰਨ ਪੁਰਾਣੀ ਤੋਂ ਪੁਰਾਣੀ ਕਬਜ਼ ਟੁੱਟਦੀ ਹੈ ਅਤੇ ਜਠਰਾਗਨੀ ਤੇਜ ਹੁੰਦੀ ਹੈ। ਨਾਭੀ ਨੂੰ ਠੀਕ ਸਥਾਨ ਤੇ ਲਿਆਓਣ ਲਈ ਇਸ ਆਸਣ ਦੀ ਬਹੁਤ ਸਾਰਥੱਕਤਾ ਹੈ। ਹਰਨੀਆਂ ਦਾ ਰੋਗ ਠੀਕ ਹੁੰਦਾ ਹੈ। ਸ਼ਾਇਟਕਾ ਨਾੜੀ ਦੇ ਰੋਗ ਠੀਕ ਹੁੰਦੇ ਹਨ। ਮਹਿਲਾਵਾਂ ਦੇ ਮਾਸਿਕ ਧਰਮ ਨੂੰ ਨਿਯਮਿਤ ਬਣਾਉਣ ਵਿੱਚ ਸਹਾਇਕ ਹੈ। ਮਹਿਲਾਵਾਂ ਲਈ ਲਾਭਕਾਰੀ ਆਸਣ, ਯੋਨੀ ਦਾ ਸੰਕੋਚਨ ਹੁੰਦਾ ਹੈ। ਹੱਥਾਂ ਤੇ ਪੈਰਾਂ ਦਾ ਖਿਚਾਅ ਪੈਣ ਨਾਲ ਗਿੱਟੇ, ਪਿੰਜਣੀਆਂ, ਜੰਘਾਂਵਾਂ, ਨਿਤੰਭ, ਕਮਰ ਦਾ ਹੇਠਲਾ ਭਾਗ, ਹੱਥਾਂ ਦੀਆਂ ਮਾਸਪੇਸ਼ੀਆਂ ਅਤੇ ਮੋਢੇ ਪੁਸ਼ਟ ਹੁੰਦੇ ਹਨ।

ਵਿਧੀ-ਕਮਰ ਦੇ ਬਲ ਲੇਟ ਜਾਓ। ਹੱਥ ਬਰਾਬਰ ਟਿਕਾਅ ਕੇ ਰਖੋ। ਦੋਨੋਂ ਲੱਤਾਂ ਨੂੰ ਸਿੱਧਾ ਕਰੋ। ਅੱਡੀ ਪੰਜੇ ਮਿਲਾ ਲਓ। ਪੰਜੇ ਤਾਣੋ ਅਤੇ ਨਾਲ ਹੀ ਹੱਥਾਂ ਨੂੰ ਸਿਰ ਦੇ ਵੱਲ ਲਿਜਾ ਕੇ ਤਾਣੋ। ਕੂਹਣੀਆਂ ਤੋਂ ਹਥੇਲੀਆਂ ਤੱਕ ਦਾ ਪਿਛਲਾ ਭਾਗ ਜ਼ਮੀਨ ਉਤੇ ਰਖੋ। ਅੱਡੀਆਂ ਪੂਰੇ ਆਸਣ ਵਿੱਚ ਇਸੇ ਤਰ੍ਹਾਂ ਥੋੜ੍ਹੀਆਂ ਉੱਠੀਆਂਰਹਿਣਗੀਆਂ। ਇਹ ਅਵਸਥਾ ਮਹਿਲਾਵਾਂ ਦੇ ਲਈ ਵਿਸ਼ੇਸ਼ ਉਪਯੋਗੀ ਹੈ। ਸਾਹ ਭਰਦੇ ਹੋਏ ਸੱਜੀ ਲੱਤ ਅਤੇ ਖੱਬਾ ਹੱਥ ਆਕਾਸ਼ ਵੱਲ ਤਾਣੋ। ਪੈਰ ਦਾ ਪੰਜਾ ਅਤੇ ਹੱਥ ਇੱਕ ਦੂਜੇ ਦੇ ਸਮਾਨਾਂਤਰ ਰਹਿਣ। ਦੂਜੀ ਬਾਂਹ ਅਤੇ ਲੱਤ ਉਸੇ ਸਥਿਤੀ ਵਿੱਚ ਰਹਿਣ। ਸ਼ਾਹ ਸਮਾਨ, ਹੱਥ ਅਤੇ ਪੈਰ ਪਹਿਲੀ ਸਥਿਤੀ ਵਿੱਚ ਲੈ ਆਓ। ਹੁਣ ਖੱਬੇ ਪੈਰ ਅਤੇ ਸੱਜੇ ਹੱਥ ਸਾਹ ਭਰਦੇ ਹੋਏ ਆਕਾਸ਼ ਵੱਲ ਤਾਣੋ। ਸਾਹ ਸਮਾਨ ਪਹਿਲੀ ਸਥਿਤੀ ਵਿੱਚ ਆਓ। ਹੁਣ ਸਾਹ ਭਰਦੇ ਹੋਏ ਦੋਨੋਂ ਹੱਥਾਂ ਅਤੇ ਦੋਨੋਂ ਪੈਰਾਂ ਨੂੰ ਉਪਰ ਵੱਲ ਤਾਣੋ। ਸਾਹ ਸਮਾਨ। ਉਸ ਤੋਂ ਬਾਅਦ ਹੌਲੀ-ਹੌਲੀ ਵਾਪਿਸ ਆਓ। ਸਰੀਰ ਨੂੰ ਢਿੱਲਾ ਛੱਡ ਦਿਓ। ਧਿਆਨ ਦਾ ਕੇਂਦਰ-ਮਣੀਪੁਰ ਚੱਕਰ। ਇਸ ਆਸਣ ਵਿੱਚ ਵਿਸ਼ੇਸ਼ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਸਰੀਰ ਦਾ ਖਿਚਾਅ ਕਿਸੇ ਵੀ ਪੱਧਰ ਤੇ ਘੱਟ ਨਾ ਹੋਵੇ। ਗੋਡੇ ਨਾ ਮੁੜਨ। ਪੰਜੇ ਅੱਗੇ ਵੱਲ ਤਣੇ ਰਹਿਣ।

ਪਵਨਮੁਕਤ ਆਸਣ:- ਪਿਛਲੇ ਆਸਣ ਪਾਦੋਤਾਣ ਵਿੱਚ ਪੂਰੀ ਦੀ ਪੂਰੀ ਵੱਡੀ ਆਂਤ ਨੂੰ ਪ੍ਰਭਾਵਿਤ ਕਰਨ ਦੀ ਗੱਲ ਦੱਸੀ ਗਈ ਹੈ। ਇਸ ਆਸਣ ਵਿੱਚ ਉਸ ਉੱਤੇ ਦਬਾਅ ਪਾ ਕੇ ਰੁਕੀ ਹੋਈ ਹਵਾ ਨੂੰ ਬਾਹਰ ਕੱਢਣ ਲਈ ਮਜ਼ਬੂਰ ਕੀਤਾ ਜਾਂਦਾ ਹੈ ਨਹੀਂ ਤਾਂ ਗੈਸ ਰੁਕਣ ਨਾਲ ਪੇਟ ਫੁਲਣਾ, ਇਸਦੇ ਉਪਰ ਜਾਣ ਨਾਲ ਹਿਰਦੇ ਅਤੇ ਸਿਰ ਦਰਦ ਦੀ ਪੀੜਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਲਈ ਇਹ ਆਸਣ ਜਰੂਰੀ ਅਤੇ ਉਪਯੋਗੀ ਹੈ। ਸੱਜੀ ਲੱਤ ਨੂੰ ਪੇਟ ਉਤੇ ਦਬਾਣ ਨਾਲ ਉਪਰ ਆਓਣ ਵਾਲੀ ਵੱਡੀ ਆਂਤ, ਖੱਬੀ ਟਾਂਗ ਨੂੰ ਪੇਟ ਉਤੇ ਦਬਾਣ ਨਾਲ ਹੇਠਾਂ ਜਾਣ ਵਾਲੀ ਵੱਡੀ ਆਂਤ ਅਤੇ ਕਸ਼ੋਣਿਆ ਆਂਤ ਅਤੇ ਦੋਨੋਂ ਲੱਤਾਂ ਨੂੰ ਮੋੜ ਕੇ ਦਬਾਅ ਪਾਉਣ ਨਾਲ ਤਿਰਛੀ ਜਾਣ ਵਾਲੀ ਵੱਡੀ ਆਂਤ ਅਤੇ ਸਮੁੱਚਾ ਨਾਭੀ ਮੰਡਲ ਆਦਿ ਜ਼ਿਆਦਾ ਪ੍ਰਭਾਵ ਵਿੱਚ ਆਉਂਦੇ ਹਨ। ਗੈਸ ਦੇ ਨਿਕਾਸ ਨਾਲ ਘਬਰਾਹਟ ਦੂਰ ਹੁੰਦੀ ਹੈ। ਪੇਟ ਹਲਕਾ ਹੋ ਜਾਂਦਾ ਹੈ। ਫੇਫੜੇ ਅਤੇ ਹਿਰਦੇ ਸਬੰਧੀ ਵਿਕਾਰ ਪੈਦਾ ਨਹੀਂ ਹੁੰਦੇ। ਪੇਟ ਵਿੱਚ ਚਰਬੀ ਨਹੀਂ ਵਧਦੀ। ਜੋੜਾਂ ਦੇ ਦਰਦ ਅਤੇ ਇਸਤਰੀਆਂ ਦੇ ਰੋਗ ਦੂਰ ਕਰਨ ਸਬੰਧੀ ਸਹਾਇਕ ਹੈ। ਸੁਪਨ ਦੋਸ਼ ਜਿਹੇ ਵਿਕਾਰ ਦੂਰ ਹੁੰਦੇ ਹਨ। ਅਪਾਨ ਪ੍ਰਾਣ ਨੂੰ ਸੁਦ੍ਰਿੜ ਬਣਾਉਂਦਾ ਹੈ।

ਵਿਧੀ- ਕਮਰ ਦੇ ਬਲ ਆਸਣ ਉਤੇ ਲੇਟ ਜਾਓ। ਲੱਤਾਂ ਨੂੰ ਸਿੱਧਾ ਕਰੋ। ਦੋਨੋਂ ਅੱਡੀ ਪੰਜੇ ਮਿਲਾ ਕੇ ਅੱਗੇ ਤਾਣੋ। ਦੋਨੋਂ ਹੱਥਾਂ ਦੀਆਂ ਉਂਗਲਾਂ ਨੂੰ ਪਰਸਪਰ ਗੁੰਧ ਕੇ ਗੋਡੇ ਉਤੇ ਰੱਖੋ। ਸਾਹ ਭਰ ਕੇ ਗੋਡਿਆਂ ਨਾਲ ਪੇਟ ਨੂੰ ਦਬਾਓ। ਕੁਝ ਪਲ ਇਸੇ ਸਥਿਤੀ ਵਿੱਚ ਰੁਕੋ। ਸਾਹ ਬਾਹਰ ਕੱਢ ਕੇ ਨੱਕ ਨੂੰ ਗੋਡੇ ਨਾਲ ਸਪਰਸ਼ ਕਰੋ। ਹੌਲੀ ਹੌਲੀ ਵਾਪਿਸ ਆਓ। ਸਰੀਰ ਨੂੰ ਢਿੱਲਾ ਕਰ ਲਓ। ਇਹੀ ਕਿਰਿਆ ਖੱਬੇ ਤੇ ਸੱਜੇ ਦੋਨੋਂ ਪੈਰ ਨਾਲ ਕਰੋ। ਵਾਪਸ ਆਉਣ 'ਤੇ ਸਰੀਰ ਨੂੰ ਢਿੱਲਾ ਛੱਡ ਦਿਓ। ਧਿਆਨ ਦਾ ਕੇਂਦਰ-ਮਣੀਪੁਰ ਚੱਕਰ। ਇਸ ਆਸਣ ਵਿੱਚ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਆਸਣ ਕਰਦੇ ਸਮੇਂ ਪੰਜੇ ਅੱਗੇ ਵੱਲ ਤਣੇ ਰਹਿਣ। ਸਾਹ ਬਾਹਰ ਕੱਢ ਕੇ ਨਾਸਿਕਾ ਮੁੜੇ ਹੋਏ ਗੋਡੇ ਨਾਲ ਲੱਗਾਓ। ਆਪਣੇ ਸਰੀਰ ਨੂੰ ਜ਼ਿਆਦਾ ਤੋਂ ਜ਼ਿਆਦਾ ਸਮੇਟ ਲਓ।

ਮਕਰ ਆਸਣ:- ਮਕਰ ਦਾ ਅਰਥ ਹੈ-ਮਗਰਮੱਛ। ਮਕਰ ਦੇ ਸਮਾਨ ਸਥਿਤੀ ਬਣਨ ਕਰਕੇ ਇਸ ਆਸਣ ਦਾ ਨਾਮ ਮਕਰ ਆਸਣ ਹੈ। ਬਾਕੀ ਆਸਣਾਂ ਵਿੱਚ ਰੀੜ੍ਹ ਨੂੰ ਅਗੇ ਪਿਛੇ, ਸੱਜੇ ਖੱਬੇ ਤੇ ਗੋਲਾਈ ਵਿੱਚ ਘੁਮਾਇਆ ਜਾਂਦਾ ਹੈ। ਪਰ ਇਸ ਆਸਣ ਵਿੱਚ ਮਰੋੜਿਆ ਜਾਂਦਾ ਹੈ। ਇਹ ਇਸ ਦੀ ਅਨੌਖੀ ਵਿਸ਼ੇਸ਼ਤਾ ਹੈ। ਰੀੜ੍ਹ ਦਾ ਉਪਰਲਾ ਅਤੇ ਹੇਠਲਾ

ਭਾਗ ਉਲਟੀ ਦਿਸ਼ਾ ਵਿੱਚ ਮੋੜਨ ਨਾਲ ਲਚਕ ਆਉਂਦੀ ਹੈ। ਪਸਲੀਆਂ ਅਤੇ ਫੇਫੜੇ ਪੁਸ਼ਟ ਹੁੰਦੇ ਹਨ। ਸਾਹ ਅਤੇ ਸ਼ੂਗਰ ਦੇ ਰੋਗ ਦੂਰ ਹੁੰਦੇ ਹਨ। ਪੇਟ ਦੇ ਸੱਜੇ ਖੱਬੇ ਮਾਸਪੇਸ਼ੀਆਂ ਦੇ ਨਾਲ ਨਾਲ ਵੱਡੀ ਆਂਤ ਉਤੇ ਪ੍ਰਭਾਵ ਪੈਂਦਾ ਹੈ. ਜਿਸ ਨਾਲ ਕਬਜ਼ ਦੂਰ ਹੁੰਦੀ ਹੈ। ਪੇਟ ਦੇ ਸਾਰੇ ਅੰਗਾਂ ਦੇ ਨਾਲ-ਨਾਲ ਨਾਭੀ ਮੰਡਲ ਉਤੇ ਪ੍ਰਭਾਵ ਪੈਂਦਾ ਹੈ। ਦੋਨੋਂ ਅੱਡੀਆਂ ਨੂੰ ਨਿਤੰਭਾਂ ਦੇ ਨਾਲ ਲਾਗਾਉਣ ਨਾਲ ਜੰਘਾਵਾਂ ਅਤੇ ਗੋਡਿਆਂ ਦੀਆਂ ਮਾਸਪੇਸ਼ੀਆਂ ਦ੍ਰਿੜ ਅਤੇ ਲਚਕੀਲੀਆਂ ਹੁੰਦੀਆਂ ਹਨ। ਦੋਨੋਂ ਹੱਥਾਂ ਨੂੰ ਸੱਜੇ-ਖੱਬੇ ਖਿੱਚ ਕੇ ਰੱਖਣ ਨਾਲ ਉਂਗਲੀਆਂ, ਕਲਾਈਆਂ, ਕੂਹਣੀਆਂ ਅਤੇ ਮੋਢੇ ਪੁਸ਼ਟ ਅਤੇ ਲਚਕੀਲੇ ਬਣਦੇ ਹਨ। ਰੀੜ੍ਹ ਦੇ ਦੋਸ਼-ਸਰਵਾਈਕਲ-ਸਪਾਂਡੋਲਾਈਟਸ, ਸਲਿਪ-ਡਿਸਕ, ਕਰਮ ਦਰਦ ਆਦਿ ਇਸ ਨਾਲ ਦੂਰ ਹੁੰਦੇ ਹਨ। ਇਸ ਨਾਲ ਖੂਨ ਦਾ ਦੌਰਾ ਵੀ ਸੰਤੁਲਨ ਵਿੱਚ ਹੁੰਦਾ ਹੈ।

ਵਿਧੀ- ਕਮਰ ਦੇ ਬਲ ਆਸਣ ਉਤੇ ਲੇਟ ਜਾਓ। ਅੱਡੀ ਪੰਜੇ ਮਿਲਾ ਲਓ। ਪੰਜੇ ਤਾਣੋ। ਗੋਡੇ ਮੋੜ ਕੇ ਦੋਨੋਂ ਅੱਡੀਆਂ ਨੂੰ ਨਿਤੰਭਾਂ ਉਤੇ ਲੱਗਾ ਲਓ। ਦੋਨੋਂ ਹੱਥ ਮੋਢਿਆਂ ਦੀ ਸੇਧ ਵਿੱਚ ਸੱਜੇ ਖੱਬੇ ਫੈਲਾ ਦੇ ਤਾਣ ਦਿਓ। ਹਥੇਲੀਆਂ ਅਸਮਾਨ ਦੇ ਵੱਲ ਹੋਣ। ਸਾਹ ਭਰਦੇ ਹੋਏ ਗੋਢਿਆਂ ਨੂੰ ਸੱਜੇ ਪਾਸੇ ਅਤੇ ਖੱਬੇ ਕੰਨ ਨੂੰ ਜ਼ਮੀਨ ਉਤੇ ਲੱਗਾਓ। ਸਾਹ ਬਾਹਰ ਛੱਡਦੇ ਹੋਏ ਵਾਪਸ ਆਓ। ਇਸ ਕਿਰਿਆ ਨੂੰ ਖੱਬੇ ਪਾਸੇ ਵੀ ਕਰੋ। ਨਿਸ਼ਚਿਤ ਪ੍ਰਾਕਿਰਿਆ ਦੇ ਬਾਅਦ ਵਾਪਸ ਆਓਣ ਤੇ ਸਰੀਰ ਨੂੰ ਢਿੱਲਾ ਛੱਡਕੇ ਵਿਸ਼ਰਾਮ ਕਰੋ। ਧਿਆਨ ਦਾ ਕੇਂਦਰ-ਸਵਾਧਿਸ਼ਠਾਨ ਚੱਕਰ। ਇਸ ਵਿੱਚ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਸੰਪੂਰਣ ਕਿਰਿਆ ਵਿੱਚ ਅੱਡੀਆਂ ਨਿਤੰਭਾਂ ਨਾਲੋਂ ਅੱਲਗ ਨਾ ਹੋਣ, ਗੋਡੇ ਸੱਜੇ ਅਤੇ ਖੱਬੇ ਲਿਆਓਂਦੇ ਹੋਏ ਧਰਤੀ ਉਤੇ ਲੱਗਾਓ। ਅਭਿਆਸ ਵਧੀਆ ਬਣਨ ਤੇ ਸਾਹ ਭਰਕੇ ਸ਼ਕਤੀ ਦੇ ਅਨੁਸਾਰ ਰੋਕ ਕੇ ਕਰਨ ਨਾਲ ਖਿਚਾਅ ਜਿਆਦਾ ਵੱਧ ਜਾਂਦਾ ਹੈ।

ਚੱਕਰ ਆਸਣ:- ਗੋਲ ਆਕਾਰ ਨੂੰ ਚੱਕਰ ਕਹਿੰਦੇ ਹਨ। ਸਰੀਰ ਦੀ ਸਥਿਤੀ ਇਸ ਆਸਣ ਵਿੱਚ ਗੋਲਾਕਾਰ ਜਿਹੀ ਬਣਦੀ ਹੈ। ਇਸ ਵਿੱਚ ਰੀੜ੍ਹ ਅਤੇ ਪੇਟ ਵਿਸ਼ੇਸ਼ ਰੂਪ ਵਿੱਚ ਪ੍ਰਭਾਵਿਤ ਹੁੰਦੇ ਹਨ। ਉਂਝ ਤਾਂ ਇਸ ਆਸਣ ਵਿੱਚ ਤਲਵੇਂ, ਕਲਾਈ, ਹਥੇਲੀ, ਗਿੱਟੇ, ਪਿੰਜਣੀਆਂ, ਗੋਡੇ, ਜੰਘਾਵਾਂ, ਕਮਰ, ਫੇਫੜੇ, ਮੋਢੇ, ਭੁਜਬਲੀ ਅਤੇ ਮਸਤਕ ਉਤੇ ਪ੍ਰਭਾਵ ਆਉਂਦਾ ਹੈ। ਰੀੜ੍ਹ ਦੀ ਇੱਕ ਇੱਕ ਗੋਟੀ, ਜਿਸ ਵਿੱਚ ਥੋੜ੍ਹਾ-ਥੋੜ੍ਹਾ ਅੰਤਰ ਹੁੰਦਾ ਹੈ, ਇਸ ਆਸਣ ਵਿੱਚ ਪਿਛੇ ਵੱਲ ਝੁਕਣ ਨਾਲ ਪਰਸਪਰ ਮਿਲ ਜਾਂਦੀ ਹੈ। ਇਸ ਨਾਲ ਰੀੜ੍ਹ ਮਜ਼ਬੂਤ ਅਤੇ ਲਚਕਦਾਰ ਬਣਦੀ ਹੈ।ਅਸੀਂ ਦਿਨ ਭਰ ਸਦਾ ਅੱਗੇ ਵੱਲ ਝੁਕ ਕੇ ਸਾਰੀਆਂ ਕਿਰਿਆਵਾਂ ਕਰਦੇ ਹਾਂ। ਇਸ ਤਰ੍ਹਾਂ ਰੀੜ੍ਹ ਵਿੱਚ ਦੋਸ਼ ਆ ਜਾਂਦੇ ਹਨ।ਇਹ ਸਾਰੀਆਂ ਕਮੀਆਂ ਪਿਛੇ ਵੱਲ ਮੁੜਨ ਨਾਲ ਦੂਰ ਹੋ ਜਾਂਦੀਆਂ ਹਨ। ਇਸਤਰੀਆਂ ਦੇ ਮਾਸਿਕ ਧਰਮ ਅਤੇ ਗਰਭਸਥਾਨ ਦੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ। ਮਸਤਕ ਵਿੱਚ ਖੂਨ ਦੀ ਪੂਰਤੀ ਹੁੰਦੀ ਹੈ। ਜਾਣੇ-ਅਣਜਾਣੇ ਰੋਗਾਂ ਤੋਂ ਮੁਕਤੀ ਮਿਲਦੀ ਹੈ, ਜਿਵੇਂ ਸਿਰ ਦਰਦ, ਮਾਈਗ੍ਰੇਨ ਆਦਿ। ਸਰੀਰ ਦੀ ਕਮਜ਼ੋਰੀ ਦੂਰ ਹੁੰਦੀ ਹੈ। ਹੱਥ ਪੈਰ ਦਾ ਕੰਬਣਾ ਰੁਕ ਜਾਂਦਾ ਹੈ।ਲਕਵਾ ਰੋਗ ਦਾ ਨਿਵਾਰਣ ਹੁੰਦਾ ਹੈ।

ਵਿਧੀ- ਕਮਰ ਦੇ ਬਲ ਆਸਣ ਤੇ ਲੇਟ ਜਾਓ। ਅੱਡੀਆਂ ਤੇ ਪੰਜੇ ਮਿਲਾਓ ਤੇ ਪੰਜੇ ਤਾਣੋ। ਦੋਨੋਂ ਗੋਢਿਆਂ ਨੂੰ ਮੋੜਦੇ ਹੋਏ ਅੱਡੀਆਂ ਨੂੰ ਨਿਤੰਭਾ ਨਾਲ ਜੋੜ ਲਓ। ਪੈਰਾਂ ਵਿੱਚ ਥੋੜ੍ਹਾ ਫਾਸਲਾ ਰੱਖੋ। ਸਾਧਨਾ ਪੱਕੀ ਹੋਣ ਤੇ ਅੱਡੀ ਪੰਜੇ ਮਿਲਾ ਦਿਓ। ਦੋਨੋਂ ਹੱਥਾਂ ਨੂੰ ਮੋੜਦੇ ਹੋਏ ਮੋਢਿਆਂ ਦੇ ਬੱਲ ਉਲਟਾ ਕਰਕੇ ਇਸ ਪ੍ਰਕਾਰ ਰੱਖੋ ਕਿ ਹਥੇਲੀਆਂ ਜ਼ਮੀਨ ਉਤੇ ਅਤੇ ਉਂਗਲੀਆਂ ਪੈਰਾਂ ਵੱਲ ਹੋਣ। ਸਾਹ ਭਰ ਕੇ ਹੌਲੀ-ਹੌਲੀ ਹਥੇਲੀਆਂ ਅਤੇ ਤਲਵਿਆਂ ਉਤੇ ਜੋਰ ਦਿੰਦੇ ਹੋਏ ਆਪਣੇ ਧੜ੍ਹ ਨੂੰ ਉੱਪਰ ਤੋਂ ਉੱਪਰ ਚੁੱਕੋ। ਹੌਲੀ-ਹੌਲੀ ਵਾਪਿਸ ਆਓ। ਸਰੀਰ ਨੂੰ ਢਿੱਲਾ ਛੱਡ ਕੇ ਵਿਸ਼ਰਾਮ ਕਰੋ। ਧਿਆਨ ਦਾ ਕੇਂਦਰ-ਮਣੀਪੁਰ ਚੱਕਰ। ਇਸ ਵਿੱਚ ਧਿਆਨਯੋਗ ਗੱਲ ਇਹ ਹੈ ਕਿ ਅੱਡੀਆਂ ਨਾ ਚੁੱਕੋ।ਕਮਰ ਨੂੰ ਜ਼ਿਆਦਾ ਤੋਂ ਜ਼ਿਆਦਾ ਉਪਰ ਚੁਕੋ। ਜਿਸ ਨਾਲ ਚੱਕਰ ਜਿਹੀ ਸਥਿਤੀ ਬਣ ਜਾਵੇਗੀ। ਤਲਵਿਆਂ ਤੇ ਹੱਥਾਂ ਨੂੰ ਇਸ ਪ੍ਰਕਾਰ ਸਥਿਰ ਕਰੋ ਕਿ ਇਹ ਖਿਸਕਣ ਨਾ। ਵਾਪਿਸ ਆਉਂਦੇ ਹੋਏ ਪਹਿਲਾ ਆਪਣੇ ਸਿਰ ਨੂੰ ਸਿੱਧਾ ਕਰੋ। ਮੋਢਿਆਂ ਨੂੰ ਜ਼ਮੀਨ ਉਤੇ ਰੱਖੋ ਤੇ ਫਿਰ ਕਮਰ ਲਾਓ। ਸਾਵਧਾਨੀ- ਉੱਚ ਰਕਤਚਾਪ ਅਤੇ ਹਿਰਦੇ ਰੋਗੀ ਇਸ ਆਸਣ ਨੂੰ ਨਾ ਕਰਨ।

ਹਸਤਪਾਦੋਤਾਨ ਆਸਣ:- ਇਹ ਚੱਕਰ ਆਸਣ ਦਾ ਉਪ-ਆਸਣ ਹੈ। ਚੱਕਰ ਆਸਣ ਵਿੱਚ ਸਰੀਰ ਨੂੰ ਪਿੱਛੇ ਦੀ ਤਰਫ਼ ਮੋੜਿਆ ਸੀ, ਇਸ ਵਿੱਚ ਅੱਗੇ ਵੱਲ ਮੋੜਨਾ ਹੈ। ਇਸ ਵਿੱਚ ਹੱਥਾਂ-ਪੈਰਾਂ ਨੂੰ ਉਪਰ ਚੁੱਕ ਕੇ ਨਿਤੰਭਾਂ ਉਤੇ ਸੰਤੁਲਿਨ ਕਰਨਾ ਹੁੰਦਾ ਹੈ।ਇਸ ਆਸਣ ਵਿੱਚ ਪੰਜੇ, ਗਿੱਟੇ, ਪਿੰਜਣੀਆਂ, ਜੰਘਾਵਾਂ, ਨਿਤੰਭ, ਪੇਟ, ਕਮਰ, ਰੀੜ੍ਹ, ਮੋਢੇ, ਕੂਹਣੀ, ਕਲਾਈ ਆਦਿ ਅੰਗ ਪ੍ਰਭਾਵਿਤ ਹੁੰਦੇ ਹਨ। ਨਾਭੀ ਨੂੰ ਆਪਣੇ ਸਥਾਨ ਉਤੇ ਲਿਆਉਣ ਦੇ ਲਈ ਇਹ ਆਸਣ ਰਾਮਬਾਣ ਹੈ। ਸਰੀਰ ਦੇ ਸਾਰੇ ਅੰਗਾਂ ਅਤੇ ਮਾਸਮੇਸ਼ੀਆਂ ਦਾ ਪਰਸਪਰ ਸੰਤੁਲਨ ਬਣਦਾ ਹੈ। ਨਾਭੀ ਮੰਡਲ ਪ੍ਰਭਾਵਿਤ ਹੋਣ ਨਾਲ ਕਬਜ਼ ਟੁਟਦੀ ਹੈ।ਹਰਨਿਆਂ ਰੋਗ ਵਿੱਚ ਲਾਭ ਮਿਲਦਾ ਹੈ।

ਵਿਧੀ-ਪਿੱਠ ਦੇ ਬਲ ਲੇਟ ਜਾਓ।ਗੋਡਿਆਂ ਨੂੰ ਸਿੱਧਾ ਕਰਦੇ ਹੋਏ ਅੱਡੀ ਪੰਜੇ ਮਿਲਾ ਕੇ ਪੰਜੇ ਤਾਣ ਲਓ। ਹੱਥਾਂ ਨੂੰ ਸਰੀਰ ਨਾਲ ਲੱਗਾ ਲਓ। ਹਥੇਲੀਆਂ ਦਾ ਰੁੱਖ ਜ਼ਮੀਨ ਵੱਲ ਹੋਵੇ। ਸਾਹ ਭਰਦੇ ਹੋਏ ਪੰਜਿਆਂ ਤੇ ਧੜ ਨੂੰ ਹੌਲੀ-ਹੌਲੀ ਉਪਰ ਚੁੱਕੋ। ਨਿਤੰਭਾਂ ਉਤੇ ਸਰੀਰ ਨੂੰ ਸੰਤੁਲਿਤ ਕਰਦੇ ਹੋਏ ਹੱਥਾਂ ਨੂੰ ਵੀ ਪੰਜਿਆਂ ਵੱਲ ਤਾਣੋ। ਮੋਢੇ ਤੇ ਗਿੱਟੇ ਸਮਾਨ ਉਚਾਈ ਤੇ

ਬਾਕੀ ਸਫਾ 34 'ਤੇ.......

## ਬੈਡਮਿੰਟਨ ਚੈਂਪੀਅਨ - ਰੂਪਿੰਦਰ ਸੈਣੀ

ਰਾਜਿੰਦਰ ਸੈਣੀ
ਰੂਪਨਗਰ



ਰੂਪਨਗਰ ਸ਼ਹਿਰ ਦੇ ਇੰਟਰਨੈਸ਼ਨਲ ਬੈਡਮਿੰਟਨ ਚੈਂਪਿਅਨ ਰੂਪਿੰਦਰ ਸਿੰਘ ਸੈਣੀ ਦੀ ਭਾਰਤ ਸਰਕਾਰ ਦੇ ਇਨਕਮ ਟੈਕਸ ਵਿਭਾਗ ਵਿੱਚ ਬਤੌਰ ਇਨਕਮ ਟੈਕਸ ਇਨਸਪੈਕਟਰ ਚੁਣੇ ਗਏ ਹਨ। ਰੂਪਿੰਦਰ ਸਿੰਘ ਸੈਣੀ ਰੂਪਨਗਰ ਜ਼ਿਲ੍ਹੇ ਦੇ ਪਿੰਡ ਲੋਦੀਮਾਜਰਾ ਦੇ ਜਮਪਲ ਹਨ ਅਤੇ ਸੈਣੀ ਭਵਨ ਦੇ ਲਾਈਫ਼ ਮੈਂਬਰ ਸ. ਰਣਬੀਰ ਸਿੰਘ ਅਤੇ ਮੁਹਿੰਦਰਜੀਤ ਕੌਰ ਹਾਲ ਵਾਸੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਨਗਰ, ਰੂਪਨਗਰ ਦੇ ਸਪੁੱਤਰ ਹਨ। ਪ੍ਰਿੰਸੀਪਲ ਚੀਫ ਕਮਿਸ਼ਨਰ ਇਨਕਮ ਟੈਕਸ ਪੂਨੇ ਵਲੋਂ ਰੁਪਿੰਦਰ ਸਿੰਘ ਸੈਣੀ ਦੀ ਚੋਣ ਇਸ ਵਲੋਂ ਸਾਲ 2013-14, 2014-15 ਅਤੇ 2015-16 ਦੌਰਾਨ ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ ਕੀਤੀਆਂ ਪ੍ਰਾਪਤੀਆਂ ਨੂੰ ਵੇਖਦੇ ਹੋਏ ਖੇਡ ਕੋਟੇ ਵਿੱਚੋਂ ਚੁਣੇ ਗਏ 2 ਖਿਡਾਰੀਆਂ ਵਿੱਚ ਹੋਈ ਹੈ। ਇਨਕਮ ਟੈਕਸ ਇਨਸਪੈਕਟਰ ਦੀ ਆਸਾਮੀ ਲਈ ਰੱਖੇ ਗਏ ਬੈਡਮਿੰਟਨ ਮੁਕਾਬਲਿਆਂ ਅਤੇ ਲਿਖਤੀ ਟੈਸਟ ਵਿੱਚ ਵੀ ਰੁਪਿੰਦਰ ਸੈਣੀ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਇਸ ਆਸਾਮੀ 'ਤੇ ਨਿਯੁਕਤ ਹੋਣ ਦਾ ਮਾਣ ਪ੍ਰਾਪਤ ਕੀਤਾ ਹੈ। ਵਰਨਣਯੋਗ ਹੈ ਕਿ ਰੁਪਿੰਦਰ ਸੈਣੀ ਨੇ ਸਾਲ 2016 ਵਿੱਚ 12 ਤੋਂ 18 ਸਤੰਬਰ ਤੱਕ ਰਾਮੈਂਸਕੋ (ਰੂਸ) ਵਿੱਚ ਹੋਈ ਵਰਲਡ ਯੂਨੀਵਰਸਿਟੀਜ਼ ਬੈਡਮਿੰਟਨ ਚੈਂਪਿਅਨਸ਼ਿਪ ਵਿੱਚ ਸਰਵਭਾਰਤੀ ਯੂਨੀਵਰਸਿਟੀ ਲਈ ਚੁਣੀ ਗਈ ਬੈਡਮਿੰਟਨ ਟੀਮ ਦੀ ਅਗਵਾਈ ਕੀਤੀ। ਰੂਪਨਗਰ ਜ਼ਿਲ੍ਹੇ ਲਈ ਇਹ ਗੌਰਵ ਦੀ ਗੱਲ ਹੈ ਅਤੇ ਇਸ ਨਾਲ ਜ਼ਿਲ੍ਹੇ ਦਾ ਨਾਮ ਰੋਸ਼ਨ ਹੋਇਆ। ਰੂਪਿੰਦਰ ਸਿੰਘ ਸੈਣੀ ਦੇ ਪਿਤਾ ਰਣਬੀਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਤੋਂ ਪਹਿਲਾ ਰੂਪਿੰਦਰ ਸਿੰਘ ਨੇ ਐਲਐਨਆਈਪੀਈ ਗਵਾਲੀਅਰ ਵਿੱਚ 17 ਅਕਤੂਬਰ 2015 ਤੋਂ 19 ਅਕਤੂਬਰ 2015 ਤੱਕ ਹੋਈ ਸਰਵ ਭਾਰਤੀ ਅੰਤਰ ਯੂਨਿਵਰਸਿਟੀ ਬੈਡਮਿੰਟਨ ਚੈਂਪਿਅਨਸ਼ਿਪ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ ਭਾਗ ਲਿਆ ਅਤੇ ਗੋਲਡ ਮੈਡਲ ਪ੍ਰਾਪਤ ਕੀਤਾ ਸੀ। ਪੰਜਾਬ ਯੂਨੀਵਰਸਿਟੀ ਵਿੱਚ ਤਿਆਰੀ ਲਈ ਕੈਂਪ ਦੌਰਾਨ ਰੂਪਿੰਦਰ ਨੂੰ ਪਹਿਲਾ ਸਥਾਨ ਮਿਲਣ ਤੇ ਭਾਰਤੀ ਯੂਨੀਵਰਸਿਟੀਜ ਦੀ ਟੀਮ ਦੀ ਅਗਵਾਈ ਕਰਨ ਦਾ ਮੌਕਾ ਮਿਲਿਆ । ਰੂਪਿੰਦਰ ਨੇ ਹੁਣ ਤੱਕ ਨੈਸ਼ਨਲ ਪੱਧਰ ਦੇ ਮੁਕਾਬਲਿਆਂ ਵਿੱਚ ਸੋਨੇ ਦੇ ਚਾਰ, ਚਾਂਦੀ ਦੇ ਦੋ ਅਤੇ ਕਾਂਸੀ ਦੇ ਦੋ ਮੈਡਲ ਪ੍ਰਾਪਤ ਕੀਤੇ ਹਨ। ਇੰਟਰਨੈਸ਼ਨਲ ਪੱਧਰ ਤੇ ਦੋ ਗੋਲਡ ਅਤੇ ਇੱਕ ਸਿਲਵਰ ਮੈਡਲ ਹਾਸਲ ਕੀਤਾ ਹੈ। ਰੂਪਿੰਦਰ ਦੀ ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ ਉੱਤੇ ਪ੍ਰਾਪਤੀ ਨੂੰ ਵੇਖਕੇ ਏਅਰਪੋਰਟ ਅਥਾਰਟੀ ਆਫ ਇੰਡਿਆ ਨੇ ਉਸ ਨਾਲ ਏਸ਼ਿਆਈ ਸਪੋਰਟਸ ਕੰਟਰੈਕਟ ਅਧੀਨ ਕੰਟਰੈਕਟ ਕੀਤਾ ਹੈ ਅਤੇ ਰੂਪਿੰਦਰ ਨੂੰ 25000 ਰੁਪਏ ਮਹੀਨਾ ਸਕਾਲਰਸ਼ਿਪ ਦੇਣ ਦਾ ਵੀ ਐਲਾਨ ਕੀਤਾ ਹੈ। ਜਿਸ ਵਿੱਚ ਟੂਰਨਾਮੇਂਟ ਖੇਡਣ ਲਈ ਜਾਂਦੇ ਸਮੇਂ ਬੋਰਡਿੰਗ ਅਤੇ ਲੋਜਿੰਗ, ਕਿੱਟ ਅਲਾਉਂਸ ਤੋਂ ਇਲਾਵਾ 5 ਹਜਾਰ ਰੁਪਏ ਤੱਕ ਦਾ ਖਰਚਾ ਦਿੱਤਾ ਜਾਂਦਾ ਹੈ। ਰੁਪਿੰਦਰ ਦੇ ਪਿਤਾ ਰਣਬੀਰ ਸਿੰਘ ਨੇ ਦੱਸਿਆ ਕਿ ਰੂਪਿੰਦਰ ਵਲੋਂ ਦੇਸ਼ ਦੀ ਅਗਵਾਈ ਕਰਨ ਦਾ ਸਿਹਰਾ ਡਾਇਰੈਕਟਰ ਸਪੋਰਟਸ, ਪੰਜਾਬ ਯੂਨੀਵਰਸਿਟੀ, ਨੈਸ਼ਨਲ ਬੈਡਮਿੰਟਨ ਕੋਚ ਸੁਰਿੰਦਰ ਸਿੰਘ, ਜ਼ਿਲ੍ਹਾ ਖੇਲ ਅਫਸਰ ਸੁਰਜੀਤ ਸਿੰਘ ਸੰਧੂ, ਡਾ . ਆਰ. ਐਸ. ਪਰਮਾਰ ਪ੍ਰਧਾਨ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਨੂੰ ਜਾਂਦਾ ਹੈ ਜਿਨ੍ਹਾਂ ਨੇ ਰੁਪਿੰਦਰ ਦੀ ਸਮੇਂ ਸਮੇ ਤੇ ਅਗਵਾਈ ਕੀਤੀ। ਪਿਤਾ ਨੂੰ ਆਪਣੇ ਬੇਟੇ ਰੁਪਿੰਦਰ ਸਿੰਘ ਉੱਤੇ ਮਾਣ ਹੈ। ਸੈਣੀ ਭਵਨ ਦੇ ਪ੍ਰਬੰਧਕ ਰੁਪਿੰਦਰ ਸਿੰਘ ਸੈਣੀ ਦੇ ਮਾਤਾ ਪਿਤਾ ਅਤੇ ਸਮੁੱਚੇ ਪਰਿਵਾਰ ਨੂੰ ਬੇਟੇ ਦੀਆਂ ਪ੍ਰਾਪਤੀਆਂ ਤੇ ਵਧਾਈ ਦਿੰਦੇ ਹਨ ਅਤੇ ਬਰਾਦਰੀ ਨਾਮ ਰੋਸ਼ਨ ਵਾਲੇ ਬੇਟੇ ਰੂਪਿੰਦਰ ਸੈਣੀ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੇ ਹਨ।



❊ ❊ ❊ ❊ ❊

### ਸੁਨੇਹੇ ਸੱਜਣਾਂ ਦੇ

'ਨਵਾਂ ਸਾਲ ਮੁਬਾਰਕ' ਥੋੜ੍ਹੀ ਪਛੇਤੀ ਹੋਗੀ ਪਰ ਏਨੀ ਵੀ ਨੀ ਦਿੱਤੀ ਨਾ ਜਾ ਸਕੇ, ਸੈਣੀ ਪਰਿਵਾਰ ਦੀ ਸਾਰੀ ਟੀਮ ਨੂੰ ਮੁਬਾਰਕ ਵਧਾਈਆਂ, ਸ਼ੁਭ-ਕਾਨਮਾਵਾਂ। ਰੱਬ ਕੋਲੋ ਏਹੀ ਆਸਾਂ ਹਨ ਤਮੰਨਾਵਾਂ ਹਨ ਕਿ, ਸਭ ਪਾਸੇ ਖੁਸ਼ਹਾਲੀ ਹੋਵੇ ਤੇ ਸਾਡੇ ਨੇਤਾਵਾਂ ਨੂੰ ਆਪਣਾ ਖਿਆਲ ਰੱਖਣ ਨਾਲ-2 ਪੰਜਾਬ ਦਾ ਵੀ ਖਿਆਲ ਰੱਖਣ, ਬੇਰੁਜ਼ਗਾਰੀ-ਰਿਸ਼ਵਤਖੋਰੀ-ਨਸ਼ਾਖੋਰੀ-ਆਬਾਦੀ ਦਾ ਵਾਧਾ ਇਨ੍ਹਾਂ ਤੇ ਹੋਰ ਬਹੁਤ ਸਾਰੇ ਮਸਲਿਆਂ ਦਾ ਖਿਆਲ ਕਰਨ।

-ਚਰਨਜੀਤ ਸਿੰਘ ਕਤਰਾ, ਸਹੌੜਾ (ਜ਼ਿਲ੍ਹਾ ਮੋਹਾਲੀ)

.....ਸਫਾ 33 ਦੀ ਬਾਕੀ

ਹੋਣ। ਸਾਹ ਨੂੰ ਸਮਾਨ ਕਰ ਲਓ। ਹੌਲੀ-ਹੌਲੀ ਵਾਪਿਸ ਆਓ। ਸਰੀਰ ਨੂੰ ਢਿੱਲਾ ਕਰਦੇ ਹੋਏ ਵਿਸ਼ਰਾਮ ਕਰੋ। ਧਿਆਨ ਦਾ ਕੇਂਦਰ-ਮਣੀਪੁਰ ਚੱਕਰ। ਇਸ ਵਿੱਚ ਧਿਆਨ ਦੇਣ ਯੋਗ ਵਿਸ਼ੇਸ਼ ਗੱਲ ਇਹ ਹੈ ਕਿ ਪੰਜਿਆਂ ਅਤੇ ਹੱਥਾਂ ਨੂੰ ਅੱਗੇ ਵੱਲ ਤਾਣੀ ਰਖੋ ਅਤੇ ਇਨ੍ਹਾਂ ਵਿੱਚ ਕੰਪਣ ਬਿਲਕੁਲ ਨਾ ਹੋਵੇ।



## FIVE YEAR MEMBERS OF "SAINI SANSAR"

Ajmer Singh Dhamrait
Circulation Manager

Continued from page No. 19 of 24th Issue

652. **Principal Parwinder Singh**
G.G.S. Khalsa College, Mahilpur
653. **Gurcharan Singh**
# 573, Giani Zail Singh Nagar, Ropar
654. **Varinder Singh**
Vill. Sukhrampur Tapprian, Ropar
655. **Jaspreet Kaur**
Girja Nagar, Yavatmal (Maharashtra)
656. **Harpreet Kaur**
# 58, Sun City, Ropar
657. **Puran Chand Saini**
# 83, Garden Colony, Ropar
658. **S. Kirpal Singh Ex Sarpanch**
Vill. Isapur, Dera Bassi (S.A.S. Nagar)
659. **S. Gian Singh Longia**
Dashmesh Nagar, Ropar
660. **S. Gurdev Singh**
VPO. Urapur, Distt. S.B.S. Nagar
661. **S. Jaspal Singh Saini**
Indira Colony, Near Bus Stand, Ludhiana
662. **S. Gurinder Singh**
Hargobind Nagar, Ropar
663. **S. Gurpreet Singh Bhella**
Siddharth Nagar, Jaipur (Raj.)
664. **S. Kamaljeet Singh**
V.P.O. Panjour, Distt. Hoshiarpur
665. **Smt. Tarsem Kaur Saini**
Garha Road, Jallandhar
666. **Jasveer Singh**
Green Avenue, Ropar
667. **S. Surmukh Singh**
Nuhon Colony, Ropar
668. **Sh. Kamal Kant Saini**
Mundi Kharar, Mohali
669. **S. Gurcharan Singh**
Sector 68, Mohali
670. **Sh. Rajiv Saini**
Sector 62, Chandigarh
671. **Rajinder Singh**
Krishana Kunj Appartment, Kolkata
672. **Smt. Amrit Kaur**
Garhshankar
673. **Smt. Kulwinder Kaur**
Head Post Office, Ropar
674. **S. Gurcharan Singh Pabla**
Granthi Bagh, Ropar
675. **S. Harbans Singh**
Sunder Service Station, Ropar
676. **S. Puran Singh**
Newzealand
677. **Jagjit Singh Saini**
Vill. Devi Dass, Hoshiarpur
678. **S. Surinder Singh Mangar**
Kandiwali (E) Mumbai
679. **S. Kanwal Singh Saini**
Lakhwindra Enclave, Ropar
680. **Sh. Ram Dayal Saini**
Vill. Sarthali, Ropar
681. **S. Joginder Singh Diwana**
New Zealand
682. **S. Harjeet Singh**
Rohtak Road, D Max City
683. **S. Udham Singh (Ex Sarpanch)**
Vill. Nanakpura, Ropar

## NEW LIFE MEMBERS OF SAINI BHAWAN RUPNAGAR

498. **S. Puran Singh**
# 42, Silk Wood Way,
Tauriko, Tauranga,
New Zealand



499. **S. Surinder Singh Mangar**
H.No. 2402-B, Videocon Tower, Thakur Complex,
Kandiwali (E)
Mumbai-400101



# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ




ਮੈਗਜ਼ੀਨ "ਸੈਣੀ ਸੰਸਾਰ" ਦਾ 24ਵਾਂ ਅੰਕ ਰਿਲੀਜ਼ ਕਰਦੇ ਹੋਏ ਮਾਨਯੋਗ ਡਿਪਟੀ ਕਮਿਸ਼ਨਰ ਸ਼੍ਰੀ ਕਰਨੇਸ਼ ਸ਼ਰਮਾ



ਰੂਪਨਗਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ਼੍ਰੀ ਕਰਨੇਸ਼ ਸ਼ਰਮਾ
ਸੈਣੀ ਭਵਨ ਵਿਖੇ 7ਵੇਂ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਦੇ ਹੋਏ।



ਨਵਾਂਸ਼ਹਿਰ ਹਲਕੇ ਤੋਂ ਨਵੇਂ ਚੁਣੇ ਗਏ ਵਿਧਾਇਕ ਸ਼੍ਰੀ ਅੰਗਦ ਸਿੰਘ ਸੈਣੀ ਨੂੰ
ਵਧਾਈ ਦਿੰਦੇ ਹੋਏ ਸੈਣੀ ਭਵਨ ਦੇ ਪ੍ਰਬੰਧਕ।



ਸ਼੍ਰੀ ਆਰ.ਕੇ. ਸਾਬੂ ਪ੍ਰਧਾਨ ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ
ਚੰਡੀਗੜ੍ਹ, ਸੈਣੀ ਭਵਨ ਰੂਪਨਗਰ ਨੂੰ ਖ਼ੂਨਦਾਨ ਕੈਂਪ ਲਗਾਉਣ ਲਈ
ਸਟਾਰ ਇੰਸਟੀਚਿਊਟ ਦਾ ਐਵਾਰਡ ਦਿੰਦੇ ਹੋਏ।



ਸੈਣੀ ਭਵਨ ਦੀਆਂ ਵਿਦਿਆਰਥਣਾਂ ਅਤੇ ਪ੍ਰਬੰਧਕ ਲੋਹੜੀ ਦਾ ਤਿਉਹਾਰ
ਮਨਾਉਂਦੇ ਹੋਏ।